
FARM AND SPICE
Open 7 Days a Week
8.30 am to 9.00 pm
SPECIAL OFFERS: 20 - 26 JAN
Daily Specials on
ਲਸਣ
Garlic 3's
49¢ each
ਸੇਬ ਫੂਜੀ
Fuji Apple
99¢ /lb
ਸੰਤਰਾ ਵਡਾ
Orange Large
$1.29 /lb
ਆਵੋਕਾਡੋ
Avocado
89¢ each
ਵੈਜੀ ਮੈਰੋ
Veggie Marrow
$1.89 /lb
ਸੇਬ ਐਂਬ੍ਰੋਸੀਆ
Ambrosia Apple
$1.49 /lb
ਜੰਬੋ ਬੈਂਗਣ
Eggplant
Jumbo
$1.29 each
ਮੂਲੀ
Diakon
$1.79 /lb
ਫੁਲ ਗੋਬੀ
Cauliflower
$2.29 each
ਅਮਰੂਦ
Guava
$2.99 /lb
ਕਾਸਾਬਲੈਂਕਾ ਕੁੱਕੀਜ਼
Casablanca
Almond/mango/Cashew Cookies
340g
$3.99 each
ਅਸ਼ੋਕਾ ਸਾਗ
Ashoka
Sarson Ka Saag
850g
$2.99 each
ਐ-ਪਲਸ ਸੋਯਾ
Aplus
Soya Chunks/ Mini Chunks
200g
$1.99 each
ਬਦਾਮ
Almonds
Supreme Quality
$4.49 /lb
ਬਿਕਾਨੋ ਸੂਜੀ ਰੱਸ
Bikano
Suji Rusk
600g
$4.49 each
ਯਮਕੀਨਜ਼ ਪਾਣੀ ਪੂਰੀ
Yamkeens
Pani Puri
360g
$4.99 each
ਬੀ ਸੀ ਮਿਕਸ ਸਵੀਟਸ
BC Asst. Sweets
boondi ladoo, besan ladoo, mathura peda
400g
$5.99 each
ਟਾਟਾ ਚਾਹ
Tata
Tea Premium
220 bags
$8.99 each
ਢਿਲੋਂ ਬਿਸਕੁਟ
Dhillon
Punjabi Biscuit
1.5lb
$5.99 each
ਨੂਰ ਚਾਵਲ
Noor
Premium Basmati
10lb
$10.99 each
ਸੈਂਚੂਰੀ ਚਾਹ
Century No. 1
Premium Tea
1kg
$11.99 each
ਏ ਪੱਲਸ ਚਾਵਲ
A+Plus
Everyday Basmati Rice
5kg
$11.99 each
ਏ+ਪਲਸ ਤੇਲ
A+Plus
Mustard Oil
2ltr
$10.99 each
ਏ+ਪਲਸ ਤੇਲ
A+Plus
Mustard Oil
5ltr
$26.99 each
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last
Curbside pick up available

# ਕਾਂਗਰਸ ਤੇ ਲਾਇਆ ਨਿਸ਼ਾਨਾ

## ਭਾਜਪਾ ਸਰਕਾਰਾਂ ਨੇ ਮੀਡੀਆ ’ਤੇ ਕਦੇ ਪਾਬੰਦੀ ਨਹੀਂ ਲਾਈ:ਰਾਜਨਾਥ



ਨਵੀਂ ਦਿੱਲੀ:-ਰੱਖਿਆ ਮੰਤਰੀ ਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਰਾਜਨਾਥ ਸਿੰਘ ਨੇ ਕਿਹਾ ਕਿ ਪ੍ਰੈੱਸ ਦੀ ਆਜ਼ਾਦੀ ਦੀ ਉਲੰਘਣਾ ਕਰਨ ਵਾਲੇ ਭੁੱਲ ਜਾਂਦੇ ਹਨ ਕਿ ਭਾਜਪਾ ਦੀਆਂ ਸਰਕਾਰਾਂ ਨੇ ਨਾ ਕਿਸੇ ਮੀਡੀਆ ਸੰਸਥਾ ’ਤੇ ਅਤੇ ਨਾ ਹੀ ਕਿਸੇ ਦੀ ਬੋਲਣ ਦੀ ਆਜ਼ਾਦੀ ਦੇ ਹੱਕ ’ਤੇ ਪਾਬੰਦੀ ਲਾਈ ਹੈ। ਉਨ੍ਹਾਂ 1951 ’ਚ ਸੰਵਿਧਾਨ ਦੀ ਧਾਰਾ 19 ’ਚ ਕੀਤੀ ਗਈ ਸੋਧ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੇ ਪ੍ਰਗਟਾਵੇ ਦੀ ਆਜ਼ਾਦੀ ’ਤੇ ਰੋਕ ਲਾਉਣ ਲਈ ਸੰਵਿਧਾਨ ’ਚ ਸੋਧ ਤੱਕ ਕਰ ਦਿੱਤੀ ਸੀ। ਆਰਐੱਸਐੱਸ ਨਾਲ ਸਬੰਧਤ ਮੈਗਜ਼ੀਨ ‘ਪੰਚਜਨਯ’ ਵੱਲੋਂ ਕਰਵਾਏ ਸਮਾਗਮ ’ਚ ਰੱਖਿਆ ਮੰਤਰੀ ਨੇ ਕਿਹਾ ਕਿ ਪ੍ਰਗਟਾਵੇ ਦੀ ਆਜ਼ਾਦੀ ਦੇ ਸਬੰਧ ’ਚ ਦੇਸ਼ ’ਚ ਮੁੜ ਤੋਂ ਇੱਕ ਬਹਿਸ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ, ‘ਦਿਲਚਸਪ ਗੱਲ ਇਹ ਹੈ ਕਿ ਜੋ ਲੋਕ ਅੱਜ ਮੀਡੀਆ ਦੀ ਆਜ਼ਾਦੀ ਦੀ ਉਲੰਘਣਾ ਦਾ ਦੋਸ਼ ਲਾਉਂਦੇ ਹਨ, ਉਹ ਭੁੱਲ ਜਾਂਦੇ ਹਨ ਕਿ ਭਾਵੇਂ ਅਟਲ ਜੀ (ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ) ਦੀ ਸਰਕਾਰ ਹੋਵੇ ਜਾਂ ਮੋਦੀ ਜੀ ਦੀ ਸਰਕਾਰ, ਉਨ੍ਹਾਂ ਕਦੀ ਕਿਸੇ ਮੀਡੀਆ ਅਦਾਰੇ ’ਤੇ ਕੋਈ ਪਾਬੰਦੀ ਨਹੀਂ ਲਾਈ ਅਤੇ ਨਾ ਹੀ ਕਿਸੇ ਦੇ ਬੋਲਣ ਤੇ ਪ੍ਰਗਟਾਵੇ ਦੇ ਅਧਿਕਾਰ ’ਚ ਕਟੌਤੀ ਕੀਤੀ ਹੈ।’ ਕਾਂਗਰਸ ਨੂੰ ਨਿਸ਼ਾਨੇ ’ਤੇ ਲੈਂਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਦਾ ਸਾਰਾ ਇਤਿਹਾਸ ਹਰ ਤਰ੍ਹਾਂ ਦੀ ਆਜ਼ਾਦੀ ਦੀ ਉਲੰਘਣਾ ਦੀਆਂ ਘਟਨਾਵਾਂ ਨਾਲ ਭਰਿਆ ਹੋਇਆ ਹੈ। ਕਾਂਗਰਸ ਦੀ ਅਗਵਾਈ ਹੇਠਲੀ ਸਰਕਾਰ ਨੇ ਪ੍ਰਗਟਾਵੇ ਦੀ ਆਜ਼ਾਦੀ ’ਤੇ ਰੋਕ ਲਾਉਣ ਲਈ ਸੰਵਿਧਾਨ ’ਚ ਸੋਧ ਤੱਕ ਕੀਤੀ ਸੀ। ਉਨ੍ਹਾਂ ਇਹ ਵੀ ਕਿਹਾ ਕਿ ਮੀਡੀਆ ਲੋਕਤੰਤਰ ਦਾ ਚੌਥਾ ਥੰਮ੍ਹ ਹੈ ਅਤੇ ਇਸ ਦੀ ਆਜ਼ਾਦੀ ਮਜ਼ਬੂਤ ਤੇ ਜ਼ਿੰਦਾਦਿਲ ਲੋਤੰਤਰ ਲਈ ਬਹੁਤ ਮਹੱਤਵਪੂਰਨ ਹੈ।

# ਕੈਨੇਡਾ ’ਚ ਮੋਗਾ ਦੇ ਮਸ਼ਹੂਰ ਕਬੱਡੀ ਖਿਡਾਰੀ ਦਾ ਦੇਹਾਂਤ



ਮੋਗਾ:ਕੈਨੇਡਾ ’ਚ ਪੰਜਾਬੀ ਮੁੰਡੇ-ਕੁੜੀਆਂ ਦੀ ਮੌਤ ਦੀਆਂ ਖ਼ਬਰਾਂ ਲਗਾਤਾਰ ਸਾਹਮਣਾ ਆ ਰਹੀਆਂ ਨੇ। ਤਾਜ਼ਾ ਖਬਰ ਸਰੀ ਤੋਂ ਸਾਹਮਣੇ ਆ ਰਹੀ ਹੈ, ਜਿੱਥੇ ਮੋਗਾ ਦੇ ਪ੍ਰਸਿੱਧ ਕਬੱਡੀ ਖਿਡਾਰੀ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ।

ਮੋਗਾ ਦੇ ਕਸਬਾ ਨਿਹਾਲ ਸਿੰਘ ਵਾਲਾ ਦੇ ਪਿੰਡ ਪੱਤੋ ਹੀਰਾ ਸਿੰਘ ਦਾ ਨਾਮੀ ਕਬੱਡੀ ਰੇਡਰ ਅਮਰਪ੍ਰੀਤ ਅਮਰੀ ਪਿਛਲੇ ਸਾਲ ਦਸੰਬਰ ਮਹੀਨੇ ਵਿੱਚ ਵਿਆਹ ਕਰਵਾਉਣ ਲਈ ਕੈਨੇਡਾ ਗਿਆ ਸੀ ਤੇ ਪਿਛਲੇ ਸਾਲ ਉਸ ਦਾ ਵਿਆਹ ਹੋਇਆ ਸੀ। ਦੱਸ ਦੇਈਏ ਕਿ ਜਿਵੇਂ ਹੀ ਅਮਰਪ੍ਰੀਤ ਅਮਰੀ ਦੀ ਮੌਤ ਦੀ ਖ਼ਬਰ ਪਿੰਡ ਪਹੁੰਚੀ ਤਾਂ ਉਸਦੇ ਪਰਿਵਾਰ ਸਮੇਤ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ।

# ‘ਵਾਰਿਸ ਪੰਜਾਬ’ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਸਿਹਤ ਵਿਗੜੀ



ਅੰਮ੍ਰਿਤਸਰ:‘ਵਾਰਿਸ ਪੰਜਾਬ’ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਸਿਹਤ ਵਿਗੜ ਗਈ ਹੈ। ਉਨ੍ਹਾਂ ਨੂੰ ਅੰਮ੍ਰਿਤਸਰ ਦੇ ਫੋਰਟਿਸ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਡਾਕਟਰਾਂ ਮੁਤਾਬਕ ਅੰਮ੍ਰਿਤਪਾਲ ਨੂੰ ਅੱਖਾਂ ਸਾਹਮਣੇ ਹਨ੍ਹੇਰੇ ਦੀ ਸ਼ਿਕਾਇਤ ਸੀ।

# ਅਮਿਤ ਸ਼ਾਹ 29 ਜਨਵਰੀ ਨੂੰ ਪੰਜਾਬ ’ਚ ਕਰਨਗੇ ਰੈਲੀ





ਚੰਡੀਗੜ੍ਹ:ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਪੰਜਾਬ ਦੀ ਸਿਆਸਤ ਗਰਮਾਉਣਗੇ। ਸ਼ਾਹ 29 ਜਨਵਰੀ ਨੂੰ ਪਟਿਆਲਾ ਵਿੱਚ ਰੈਲੀ ਕਰ ਰਹੇ ਹਨ। ਪਟਿਆਲਾ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਗੜ੍ਹ ਹੈ। ਕੈਪਟਨ ਹਾਲ ਹੀ ਵਿੱਚ ਭਾਜਪਾ ਵਿੱਚ ਸ਼ਾਮਲ ਹੋਏ ਹਨ। ਵਿਧਾਨ ਸਭਾ ਚੋਣਾਂ ’ਚ ਮਿਲੀ ਹਾਰ ਤੋਂ ਬਾਅਦ ਇਹ ਵੀ ਕੈਪਟਨ ਲਈ ਤਾਕਤ ਦਾ ਪ੍ਰਦਰਸ਼ਨ ਹੋਵੇਗਾ। ਦੂਜੇ ਪਾਸੇ ਅਮਿਤ ਸ਼ਾਹ ਦੇ ਦੌਰੇ ਨੂੰ ਰਾਹੁਲ ਗਾਂਧੀ ਦੇ ਦੌਰੇ ਨਾਲ ਵੀ ਜੋੜਿਆ ਜਾ ਰਿਹਾ ਹੈ। ਅਗਲੇ ਸਾਲ ਲੋਕ ਸਭਾ ਚੋਣਾਂ ਤੋਂ ਪਹਿਲਾਂ ਰਾਹੁਲ ਗਾਂਧੀ ਪੰਜਾਬ ਵਿੱਚ ਭਾਰਤ ਜੋੜੋ ਯਾਤਰਾ ਕੱਢ ਰਹੇ ਹਨ। ਅਜਿਹੇ ’ਚ ਰਾਹੁਲ ਦੇ ਦੌਰੇ ਨਾਲ ਭਾਜਪਾ ਨੂੰ ਹੋਏ ਡੈਮੇਜ ਨੂੰ ਕੰਟਰੋਲ ਕਰਨ ਦੇ ਨਜ਼ਰੀਏ ਨਾਲ ਭਾਜਪਾ ਦੀ ਸਿਆਸਤ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ।

# ਚੀਨ ਦੀ ਅਬਾਦੀ ‘ਚ ਕਮੀ

ਬੀਜਿੰਗ:ਚੀਨ ਨੇ ਬਜ਼ੁਰਗਾਂ ਦੀ ਵਧਦੀ ਆਬਾਦੀ ਅਤੇ ਘਟਦੀ ਜਨਮ ਦਰ ਦੇ ਕਾਰਨ ਹਾਲ ਹੀ ਦੇ ਸਾਲਾਂ ‘ਚ ਪਹਿਲੀ ਵਾਰ ਕੁੱਲ ਆਬਾਦੀ ‘ਚ ਗਿਰਾਵਟ ਦਾ ਐਲਾਨ ਕੀਤਾ ਹੈ। ਨੈਸ਼ਨਲ ਬਿਊਰੋ ਆਫ ਸਟੈਟਿਸਟਿਕਸ ਅਨੁਸਾਰ ਦੇਸ਼ ‘ਚ ਪਿਛਲੇ ਸਾਲ ਦੇ ਮੁਕਾਬਲੇ 2022 ਦੇ ਅੰਤ ‘ਚ 850,000 ਆਬਾਦੀ ਘਟੀ। ਬਿਊਰੋ ਸਿਰਫ ਮੁੱਖ ਭੂਮੀ ਚੀਨ ਦੀ ਆਬਾਦੀ ਦੀ ਗਿਣਤੀ ਕਰਦਾ ਹੈ, ਹਾਂਗਕਾਂਗ, ਮਕਾਓ ਅਤੇ ਸਵੈ-ਸ਼ਾਸਨ ਵਾਲੇ ਤਾਇਵਾਨ ਦੇ ਨਾਲ-ਨਾਲ ਵਿਦੇਸ਼ੀ ਨਿਵਾਸੀਆਂ ਨੂੰ ਛੱਡ ਦਿੰਦਾ ਹੈ। ਬਿਊਰੋ ਨੇ ਕਿਹਾ ਕਿ ਦੇਸ਼ ਦੀ ਆਬਾਦੀ 1.041 ਕਰੋੜ ਮੌਤਾਂ ਦੇ ਮੁਕਾਬਲੇ 9.56 ਲੱਖ ਜਨਮ ਦੇ ਨਾਲ 1.411.75 ਅਰਬ ਰਹਿ ਗਈ ਹੈ। ਇਨ੍ਹਾਂ ਵਿੱਚੋਂ 72.206 ਕਰੋੜ ਪੁਰਸ਼ ਅਤੇ 68.969 ਕਰੋੜ ਔਰਤਾਂ ਹਨ। ਚੀਨ ਲੰਬੇ ਸਮੇਂ ਤੋਂ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਰਿਹਾ ਹੈ ਪਰ ਭਾਰਤ ਜਲਦੀ ਹੀ ਇਸ ਨੂੰ ਪਛਾੜ ਸਕਦਾ ਹੈ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੁਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



Charlesworth insurance services ltd.

Servicing the following insurance needs:
- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

autoplan

"For Fast, Friendly and Reliable Service!"



Phone: 604-852-2565
Fax: 852-2996

OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4



KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ

Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures All kinds of Signs and Decals


ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਪ੍ਰਿੰਸ ਹੈਰੀ ਨੇ ਆਪਣੀ ਪੁਸਤਕ 'ਸਪੇਅਰ' ਵਿਚ ਕੀਤੇ ਸਨਸਨੀਖੇਜ਼ ਦਾਅਵੇ

## *ਸ਼ਾਹੀ ਪਰਿਵਾਰ ਦੀਆਂ ਅੰਦਰਲੀਆਂ ਸ਼ਿਕਾਇਤਾਂ ਅਤੇ ਕੁੜੱਤਣ ਦਾ ਜ਼ਿਕਰ *ਅਫ਼ਗਾਨਿਸਤਾਨ ਵਿਚ 25 ਤਾਲੀਬਾਨੀ ਲੜਾਕਿਆਂ ਨੂੰ ਮਾਰਿਆ

ਲੰਡਨ-ਪ੍ਰਿੰਸ ਹੈਰੀ ਨੇ ਆਪਣੀ ਪੁਸਤਕ 'ਸਪੇਅਰ ਵਿਚ ਇਹ ਦਾਅਵਾ ਵੀ ਸ਼ਾਮਲ ਹੈ ਜਿਸ ਮੁਤਾਬਕ ਉਨ੍ਹਾਂ ਅਤੇ ਉਨ੍ਹਾਂ ਦੇ ਭਰਾ ਪ੍ਰਿੰਸ ਵਿਲੀਅਮ ਨੇ ਆਪਣੇ ਪਿਤਾ ਨੂੰ ਕੈਮਿਲਾ ਪਾਰਕਰ ਨਾਲ ਵਿਆਹ ਨਾ ਕਰਵਾਉਣ ਲਈ ਕਿਹਾ ਸੀ। ਪਰ ਪ੍ਰਿੰਸ ਹੈਰੀ ਵੱਲੋਂ ਸਭ ਤੋਂ ਵੱਧ ਹੈਰਾਨ ਕਰਨ ਵਾਲਾ ਦਾਅਵਾ ਜਿਸ ਬਾਰੇ ਸਭ ਤੋਂ ਪਹਿਲਾਂ ਗਾਰਡੀਅਨ ਅਖਬਾਰ ਵਿੱਚ ਛਪਿਆ ਸੀ, ਉਹ ਸੀ ਕਿ ਪ੍ਰਿੰਸ ਵਿਲੀਅਮ ਨੇ ਪ੍ਰਿੰਸ ਹੈਰੀ ਨੂੰ ਸੱਟ ਪਹੁੰਚਾਉਣ ਲਈ ਸਰੀਰਕ ਹਮਲਾ ਕੀਤਾ ਸੀ। ਕਿੰਗਸਟਨ ਪੈਲੇਸ ਅਤੇ ਬਕਿੰਗਮ ਪੈਲੇਸ ਨੇ ਇਸ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਸੀ।ਇਕ ਮੀਡੀਆ ਰਿਪੋਟ ਅਨੁਸਾਰ ਇਸ ਕਿਤਾਬ ਵਿੱਚ ਕੀਤੇ ਗਏ ਕੁਝ ਅਹਿਮ ਦਾਅਵੇ ਤੇ ਖੁਲਾਸੇ ਇਸ ਤਰ੍ਹਾਂ ਹਨ: ਹੈਰੀ ਤੇ ਵਿਲੀਅਮ ਨੇ ਪਿਤਾ ਨੂੰ ਕੈਮਿਲਾ ਨਾਲ ਵਿਆਹ ਨਾ ਕਰਵਾਉਣ ਕਿਹਾ ਸੀ। ਹੈਰੀ ਲਿਖਦੇ ਹਨ ਕਿ ਉਨ੍ਹਾਂ ਨੇ ਅਤੇ ਵਿਲੀਅਮ ਨੇ ਆਪਣੇ ਪਿਤਾ ਨੂੰ ਬੇਨਤੀ ਕੀਤੀ ਸੀ ਕਿ ਕੈਮਿਲਾ ਪਾਰਕਰ ਨਾਲ ਵਿਆਹ ਨਾ ਕਰਵਾਉਣ।ਕੈਮਿਲਾ ਪਾਰਕਰ ਇਸ ਵੇਲੇ ਕਈਨ ਕੌਨਸਰਟ ਹਨ। 'ਦ ਸਨ' ਨੇ ਕਿਤਾਬ ਦੀ ਸਪੈਨਿਸ਼ ਭਾਸ਼ਾ ਵਿੱਚ ਅਨੁਵਾਦ ਹੋਈ ਕਾਪੀ ਹਾਸਿਲ ਕਰਨ ਬਾਅਦ ਰਿਪੋਰਟ ਕੀਤਾ ਸੀ ਕਿ ਹੈਰੀ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਕੈਮਿਲਾ ਦੇ ਰਸਮੀ ਤੌਰ 'ਤੇ ਪਰਿਵਾਰਕ ਮੈਂਬਰ ਬਣਨ ਤੋਂ ਪਹਿਲਾਂ ਉਨ੍ਹਾਂ ਨਾਲ ਵੱਖੋ-ਵੱਖ ਮੁਲਾਕਾਤਾਂ ਕੀਤੀਆਂ ਸਨ। ਅਖ਼ਬਾਰ ਮੁਤਾਬਕ ਹੈਰੀ ਕਹਿੰਦੇ ਹਨ ਕਿ ਉਹ ਸੋਚ ਰਹੇ ਸੀ ਕਿ ਕੀ ਉਹ ਇੱਕ ਦਿਨ ਉਨ੍ਹਾਂ ਦੀ 'ਮਤਰੇਈ ਮਾਂ'ਬਣ ਜਾਏਗੀ। ਪਰ ਜੇਕਰ ਕੈਮਿਲਾ ਉਨ੍ਹਾਂ ਦੇ ਪਿਤਾ ਨੂੰ ਖੁਸ਼ ਰੱਖਦੀ ਹੈ ਤਾਂ ਉਹ ਅਤੇ ਉਨ੍ਹਾਂ ਦਾ ਭਰਾ ਉਨ੍ਹਾਂ ਨੂੰ 'ਦਿਲੋਂ ਮਾਫ਼ੀ' ਦੇਣ ਲਈ ਰਾਜ਼ੀ ਸਨ। ਹੈਰੀ ਲਿਖਦੇ ਹਨ ਕਿ ਵਿਲੀਅਮ ਨੂੰ ਉਹਨਾਂ ਦਾ ਈਟਨ ਵਿੱਚ ਹੋਣਾ ਪਸੰਦ ਨਹੀਂ ਸੀ। ਸਾਲ 1997 ਵਿੱਚ ਪੈਰਿਸ 'ਵਿਚ ਇੱਕ ਕਾਰ ਹਾਦਸੇ ਵਿੱਚ ਡਾਇਨਾ ਦੀ ਮੌਤ ਹੋ ਗਈ ਸੀ, ਉਸ ਵੇਲੇ ਹੈਰੀ 12 ਸਾਲ ਦੇ ਸਨ। 'ਦ ਗਾਰਡੀਅਨ', ਜਿਨ੍ਹਾਂ ਨੇ ਕਿਤਾਬ ਦੀ ਕਾਪੀ ਹਾਸਲ ਕੀਤੀ, ਉਨ੍ਹਾਂ ਨੇ ਇੱਕ ਅੰਸ਼ ਛਾਪਿਆ, ਜਿਸ ਮੁਤਾਬਕ, ਹੈਰੀ ਨੇ ਆਪਣੀ ਮਾਂ ਨਾਲ ਮੁਲਾਕਾਤ ਬਾਰੇ ਥੋੜ੍ਹੇ ਸ਼ਬਦਾਂ ਵਿੱਚ ਲਿਖਿਆ ਹੈ। ਉਸ ਔਰਤ ਨਾਲ ਕਦੋਂ ਅਤੇ ਕਿੱਥੇ ਮੁਲਾਕਾਤ ਹੋਈ, ਇਸ ਬਾਰੇ ਵੀ ਕੋਈ ਜਾਣਕਾਰੀ ਨਹੀਂ ਹੈ। ਆਪਣੀਆਂ ਯਾਦਾਂ ਆਧਾਰਿਤ ਲਿਖੀ ਇਸ ਕਿਤਾਬ ਵਿੱਚ ਹੈਰੀ ਦੱਸਦੇ ਹਨ ਕਿ ਕਿਵੇਂ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਜਗਾਇਆ ਅਤੇ ਡਾਇਨਾ ਨਾਲ ਕਾਰ ਹਾਦਸਾ ਹੋਣ ਬਾਰੇ ਦੱਸਿਆ। ਹੈਰੀ ਲਿਖਦੇ ਹਨ ਕਿ ਚਾਰਲਸ ਜੋ ਕਿ 'ਆਮ ਹਾਲਾਤ' ਵਿੱਚ ਵੀ ਆਪਣੀਆਂ ਭਾਵਨਾਵਾਂ ਪ੍ਰਗਟ ਕਰਨ ਵਿੱਚ ਚੰਗੇ ਨਹੀਂ ਸੀ, ਉਨ੍ਹਾਂ ਨੇ ਇਸ ਹਾਲਾਤ ਵਿੱਚ ਵੀ ਹੈਰੀ ਨੂੰ ਜੱਫੀ ਨਹੀਂ ਪਾਈ। ਬਾਅਦ ਵਿੱਚ ਹੈਰੀ ਪੈਰਿਸ ਵਿੱਚ ਡਾਇਨਾ ਦੇ ਮੌਤ ਵਾਲੇ ਕਾਰ ਸਫ਼ਰ ਨੂੰ ਦੁਹਰਾਉਣ ਬਾਰੇ ਲਿਖਦੇ




ਹਨ, ਜੋ ਕਿ ਉਨ੍ਹਾਂ ਨੇ ਇਸ ਉਮੀਦ ਨਾਲ ਦੁਹਰਾਇਆ ਸੀ ਕਿ ਘਟਨਾ ਨੂੰ ਨੇੜੇ ਤੋਂ ਜਾਣ ਸਕਣ।

ਪਰ ਕਹਿੰਦੇ ਹਨ ਕਿ ਇਸ ਦੇ ਬਜਾਏ ਉਨ੍ਹਾਂ ਦੇ ਮਨ ਵਿੱਚ ਡਾਇਨਾ ਦੀ ਮੌਤ ਦੇ ਅਸਲ ਕਾਰਨਾਂ ਬਾਰੇ ਸਵਾਲ ਖੜ੍ਹੇ ਹੋ ਗਏ ਸਨ।ਹੈਰੀ ਦਾਅਵਾ ਕਰਦੇ ਹਨ ਕਿ ਲੰਡਨ ਕੌਟੇਜ ਵਿੱਚ ਉਨ੍ਹਾਂ ਦੇ ਭਰਾ ਨੇ ਉਨ੍ਹਾਂ ਨੂੰ ਕਾਲਰ ਤੋਂ ਫੜਿਆ, ਨੈਕਲੈਸ ਤੋੜਿਆ ਅਤੇ ਉਨ੍ਹਾਂ ਨੂੰ ਫ਼ਰਸ਼ 'ਤੇ ਪਟਕ ਦਿੱਤਾ। ਮੈਂ ਕੱਤੇ ਦੇ ਖਾਣੇ ਲਈ ਇਸਤੇਮਾਲ ਹੋਣ ਵਾਲੀ ਕੌਲੀ 'ਤੇ ਡਿੱਗ ਗਿਆ, ਜੋ ਮੇਰੀ ਪਿੱਠ ਦੇ ਭਾਰ ਨਾਲ ਟੁੱਟ ਗਈ ਅਤੇ ਉਸ ਦੇ ਟਕੜੇ ਮੇਰੀ ਪਿੱਠ ਵਿੱਚ ਚੁੱਭ ਗਏ। ਮੈਂ ਕੁਝ ਪਲ ਉਥੇ ਪਿਆ ਰਿਹਾ। ਫਿਰ ਲੜਖੜਾਉਂਦਿਆਂ ਉੱਠਿਆ ਅਤੇ ਵਿਲੀਅਮ ਨੂੰ ਉਥੋਂ ਜਾਣ ਲਈ ਕਿਹਾ। ਕਿਤਾਬ ਵਿੱਚ ਦੋਹਾਂ ਵਿਚਕਾਰ ਹੋਈ ਬਹਿਸਬਾਜ਼ੀ ਦਾ ਵੀ ਜ਼ਿਕਰ ਹੈ, ਜਿਸ ਬਾਰੇ ਹੈਰੀ ਦਾਅਵਾ ਕਰਦੇ ਹਨ ਕਿ ਵਿਲੀਅਮ ਵੱਲੋਂ ਮੇਘਨ ਬਾਰੇ ਟਿੱਪਣੀਆਂ ਕਰਨ ਬਾਅਦ ਹੋਈ ਸੀ। ਹੈਰੀ ਲਿਖਦੇ ਹਨ ਕਿ ਉਨ੍ਹਾਂ ਦੇ ਭਰਾ ਵਿਲੀਅਮ ਮੇਘਨ ਨੂੰ 'ਕਠਿਨ', 'ਰੁੱਖੇ ਵਤੀਰੇ ਵਾਲੀ'ਅਤੇ 'ਅਸੰਵੇਦਨਸ਼ੀਲ' ਦੱਸਦਿਆਂ ਉਸ ਦੀ ਅਲੋਚਨਾ ਕਰਦੇ ਸੀ।ਹੈਰੀ ਲਿਖਦੇ ਹਨ ਕਿ ਉਹ 17 ਸਾਲ ਦੇ ਸੀ ਜਦੋਂ ਆਪਣੇ ਤੋਂ ਵੱਡੀ ਉਮਰ ਦੀ ਔਰਤ ਨਾਲ ਇੱਕ ਪੱਬ ਦੇ ਪਿੱਛੇ ਖੇਤਾਂ ਵਿੱਚ ਉਨ੍ਹਾਂ ਦਾ ਕੁਆਰਾਪਣ ਟੁੱਟਿਆ। ਉਹ ਕਹਿੰਦੇ ਹਨ ਕਿ ਉਹ ਇੱਕ 'ਅਪਮਾਨਜਨਕ' ਤਜ਼ਰਬਾ ਸੀ ਜਿਸ ਵਿੱਚ ਉਸ ਔਰਤ ਨੇ ਉਨ੍ਹਾਂ ਨਾਲ ਇੱਕ 'ਨੌਜਵਾਨ ਘੋੜੇ' ਦੀ ਤਰ੍ਹਾਂ ਵਿਹਾਰ ਕੀਤਾ। ਹੈਰੀ ਕਹਿੰਦੇ ਹਨ ਕਿ ਜਦੋਂ ਉਹ 17 ਸਾਲ ਦੇ ਸੀ ਤਾਂ ਕਿਸੇ ਦੇ ਘਰ ਵਿੱਚ ਉਨ੍ਹਾਂ ਨੂੰ ਕੋਕੇਨ ਦੀ ਪੇਸ਼ਕਸ਼ ਕੀਤੀ ਗਈ ਸੀ।ਇਹ ਮੰਨਦੇ ਹੋਏ ਕਿ ਕਈ ਮੌਕਿਆਂ 'ਤੇ ਉਨ੍ਹਾਂ ਨੇ ਨਸ਼ਿਆਂ ਦਾ ਸੇਵਨ ਕੀਤਾ, ਹੈਰੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਵਿੱਚ ਆਨੰਦ ਨਹੀਂ ਆਇਆ।ਉਹ ਆਖਦੇ ਹਨ ਕਿ ਮੈਂ ਇੱਕ 17 ਸਾਲ ਦਾ ਮੁੰਡਾ ਸੀ ਜੋ ਹਰ ਨਵੀਂ ਚੀਜ਼ ਕਰਨ ਨੂੰ ਤਿਆਰ ਸੀ। ਉਹਨਾਂ ਈਟਨ ਕਾਲਜ ਦੇ ਬਾਥਰੂਮ ਵਿੱਚ ਭੰਗ ਪੀਣ ਦੀ ਗੱਲ ਵੀ ਕਬੂਲ ਕੀਤੀ ਹੈ ਜਦੋਂ ਥੇਮਜ਼ ਵੈਲੀ ਪੁਲਿਸ ਦੇ ਅਫ਼ਸਰ ਉਨ੍ਹਾਂ ਦੇ ਸੁਰੱਖਿਆ ਕਰਮੀਆਂ ਵਜੋਂ ਇਮਾਰਤ ਦੇ ਬਾਹਰ ਗਸ਼ਤ ਕਰ ਰਹੇ ਸੀ।'ਦ ਟੈਲੀਗ੍ਰਾਫ' ਦੀ ਰਿਪੋਰਟ ਮੁਤਾਬਕ,ਹੈਰੀ 2016 ਵਿੱਚ ਕੈਲੀਫੋਰਨੀਆ ਦੀ ਯਾਤਰਾ ਦੌਰਾਨ ਮੈਜਿਕ ਮਸ਼ਰੂਮ ਲੈਣ ਬਾਰੇ ਵੀ ਦੱਸਦੇ ਹਨ। ਉਹ ਕਹਿੰਦੇ ਹਨ ਕਿ ਉਹ ਟੀਵੀ ਪੇਸ਼ਕਾਰ ਕੈਰੋਲਿਨ ਫਲੈਕ ਨੂੰ ਸਾਲ 2009 ਵਿੱਚ ਇੱਕ ਰੈਸਟੋਰੈਂਟ ਵਿੱਚ ਮਿਲੇ ਜਿੱਥੇ ਉਹ ਆਪਣੇ ਦੋਸਤਾਂ ਨਾਲ ਗਏ ਸੀ। ਉਸ ਨੂੰ ਪਿਆਰੀ ਅਤੇ ਮਜ਼ਾਕੀਆ ਦੱਸਦਿਆਂ ਉਹ ਲਿਖਦੇ ਹਨ ਕਿ ਪ੍ਰੈਸ ਨੂੰ ਪਤਾ ਲੱਗ ਗਿਆ ਅਤੇ ਫੋਟੋਗ੍ਰਾਫਰਾਂ ਨੇ ਉਨ੍ਹਾਂ ਨੂੰ ਲੱਭ ਲਿਆ।ਉਹ ਲਿਖਦੇ ਹਨ, ਇੱਕ ਪਾਗਲਪਣ ਸ਼ੁਰੂ ਹੋ ਗਿਆ। ਕੁਝ ਘੰਟਿਆਂ ਦੇ ਅੰਦਰ ਹੀ ਫਲੈਕ ਦੇ ਮਾਪਿਆਂ, ਦੋਸਤਾਂ ਅਤੇ ਦਾਦੀ ਦੇ ਘਰ ਬਾਹਰ ਪੱਤਰਕਾਰਾਂ ਦਾ ਜਮਾਵੜਾ ਲੱਗ ਗਿਆ। ਅਸੀਂ ਸਮੇਂ-ਸਮੇਂ ਇੱਕ ਦੂਜੇ ਨੂੰ ਮਿਲਦੇ ਰਹੇ ਪਰ ਫਿਰ ਕਦੇ ਵੀ ਆਜ਼ਾਦ ਮਹਿਸੂਸ ਨਾ ਕਰ ਸਕੇ। ਅਸੀਂ ਇਹ ਜਾਰੀ ਰੱਖਿਆ ਕਿਉਂਕਿ ਸਾਨੂੰ ਇਕੱਠਿਆਂ ਸਮਾਂ ਬਿਤਾਉਣਾ ਚੰਗਾ ਲਗਦਾ ਸੀ ਅਤੇ ਕਿਉਂਕਿ ਅਸੀਂ ਉਨ੍ਹਾਂ ਤੁੱਛਬੁੱਧੀ ਲੋਕਾਂ ਦੇ ਹੱਥੋਂ ਹਾਰਨਾ ਨਹੀਂ ਚਾਹੁੰਦੇ ਸੀ।ਪਰ ਇਸ ਰਿਸ਼ਤੇ ਨੂੰ ਦਾਗ਼ ਲੱਗ ਗਿਆ।ਅੰਤ ਵਿੱਚ ਅਸੀਂ ਫ਼ੈਸਲਾ ਲਿਆ ਕਿ ਇਹ ਦੁੱਖ ਅਤੇ ਅਪਮਾਨ ਝੱਲਣ ਦੇ ਕਾਬਿਲ ਨਹੀਂ ਹੈ।ਸਭ ਤੋਂ ਜ਼ਿਆਦਾ ਉਸ ਦੇ ਪਰਿਵਾਰ ਲਈ।ਆਖਿਰ ਅਸੀਂ ਇੱਕ ਦੂਜੇ ਨੂੰ ਸ਼ੁੱਭ ਇੱਛਾਵਾਂ ਦਿੰਦਿਆਂ ਵਿਦਾ ਲੈ ਲਈ।ਹੈਰੀ ਕਹਿੰਦੇ ਹਨ ਕਿ ਸਾਲ 2012-13 ਦੌਰਾਨ ਅਫ਼ਗਾਨਿਸਤਾਨ ਵਿੱਚ ਹੈਲੀਕਾਪਟਰ ਪਾਈਲਟ ਵਜੋਂ ਸੇਵਾ ਨਿਭਾਉਂਦਿਆਂ, ਉਨ੍ਹਾਂ ਨੇ ਛੇ ਮਿਸ਼ਨਾਂ ਵਿੱਚ ਹਿੱਸਾ ਲਿਆ ਜਿਨ੍ਹਾਂ ਵਿੱਚ ਜਾਨਾਂ ਲੈਣਾ ਵੀ ਸ਼ਾਮਲ ਸੀ ਪਰ ਉਨ੍ਹਾਂ ਨੂੰ ਇਹ ਮਿਸ਼ਨ ਜਾਇਜ਼ ਲੱਗੇ ਸੀ। ਉਹ ਲਿਖਦੇ ਹਨ,ਇਹ ਕੋਈ ਅੰਕੜਾ ਨਹੀਂ ਸੀ ਜਿਸ ਨੇ ਮੈਨੂੰ ਮਾਣ ਮਹਿਸੂਸ ਕਰਵਾਇਆ ਹੋਵੇ ਜਾਂ ਮੈਨੂੰ ਸ਼ਰਮਿੰਦਾ ਕੀਤਾ ਹੋਵੇ।ਹੈਰੀ ਦਾਅਵਾ ਕਰਦੇ ਹਨ ਕਿ ਸ਼ਾਹੀ ਘਰਾਣੇ ਨੇ ਉਨ੍ਹਾਂ ਦੇ ਮੇਘਨ ਮਾਰਕਲ ਨਾਲ ਵਿਆਹ ਲਈ ਤਾਰੀਖ ਅਤੇ ਜਗ੍ਹਾ ਸਬੰਧੀ ਪੈਰ ਪਿਛਾਂਹ ਖਿੱਚ ਲਏ। ਉਹ ਕਹਿੰਦੇ ਹਨ ਕਿ ਜਦੋਂ ਉਨ੍ਹਾਂ ਨੇ ਸੇਂਟ ਪੌਲ ਕੈਥਡ੍ਰਿਲ ਜਾਂ ਵੈਸਟਮਿਨਸਟਰ ਐਬੀ ਵਿੱਚ ਉਨ੍ਹਾਂ ਦੇ ਵਿਆਹ ਦੀ ਸੰਭਾਵਨਾ ਬਾਰੇ ਆਪਣੇ ਭਰਾ ਨਾਲ ਗੱਲ ਕੀਤੀ ਤਾਂ ਵਿਲੀਅਮ ਨੇ ਕਿਹਾ ਕਿ ਇਹ ਸੰਭਵ ਨਹੀਂ ਕਿਉਂਕਿ ਉਥੇ ਕ੍ਰਮਵਾਰ ਚਾਰਲਜ਼ ਤੇ ਡਾਇਨਾ ਅਤੇ ਵਿਲੀਅਮ ਤੇ ਕੈਥਰੀਨ ਦੇ ਵਿਆਹ ਹੋਏ ਹਨ। ਇਸ ਦੀ ਬਜਾਏ, ਵਿਲੀਅਮ ਨੇ ਉਨ੍ਹਾਂ ਦੇ ਪਿਤਾ ਦੇ ਹਾਈਗਰੂਵ ਘਰ ਦੇ ਨੇੜੇ ਪਿੰਡ ਦੇ ਚੈਪਲ ਦਾ ਸੁਝਾਅ ਦਿੱਤਾ ਹਾਲਾਂਕਿ ਹੈਰੀ ਅਤੇ ਮੇਘਨ ਦਾ ਵਿਆਹ ਮਈ, 2018 ਵਿੱਚ ਵਿੰਡਸਰ ਕਿਲ੍ਹੇ ਦੇ ਸੇਂਟ ਜੌਰਜ ਚੈਪਲ ਵਿੱਚ ਹੋਇਆ।ਹੈਰੀ ਨੇ ਸਾਲ 2021 ਵਿੱਚ ਉਨ੍ਹਾਂ ਦੇ ਦਾਦਾ ਪ੍ਰਿੰਸ ਫਿਲਿਪ ਦੀਆਂ ਅੰਤਿਮ ਰਸਮਾਂ ਦੌਰਾਨ ਉਨ੍ਹਾਂ ਅਤੇ ਵਿਲੀਅਮ ਵਿਚਕਾਰ ਹੋਏ ਝਗੜੇ ਦਾ ਜ਼ਿਕਰ ਕੀਤਾ ਹੈ।ਹੈਰੀ ਕਹਿੰਦੇ ਹਨ ਕਿ ਚਾਰਲਜ਼ ਉਨ੍ਹਾਂ ਦੇ ਵਿਚਕਾਰ ਖੜ੍ਹੇ ਹੋ ਗਏ ਅਤੇ ਉਨ੍ਹਾਂ ਨੂੰ ਕਿਹਾ, ਪੁੱਤਰੋਂ ਕ੍ਰਿਪਾ ਕਰਕੇ ਮੇਰੇ ਆਖ਼ਰੀ ਸਾਲਾਂ ਨੂੰ ਦੁਖਦਾਈ ਨਾ ਬਣਾਓ।


BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC

Jasbir Singh Badh

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
» Express Entry (PR)
» FSW, FST
» Canadian Experience Class
» LMIA & Work Permit
» PNP
» Spousal (Marriage) Sponsorship
» Business (Investor) Visa
» Study Visa
» Care-giver (Nanny)
» Visitor Visa
» Super Visa
» Citizenship Application
» Refusal Cases
» IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਭਾਰਤ ਦੇ 21 ਵਿਅਕਤੀਆਂ ਕੋਲ 70 ਲੋਕਾਂ ਕਰੋੜ ਨਾਲੋਂ ਵੱਧ ਦੌਲਤ

ਅਸੀਂ ਖੜ੍ਹੇ ਕਿੱਥੇ ਹਾਂ ਤੇ ਵਧ ਕਿਸ ਪਾਸੇ ਰਹੇ ਹਾਂ? ਮੌਜੂਦਾ ਹਾਕਮਾਂ ਦੇ ਲੋਕ ਭਲਾਈ ਦੇ ਦਾਅਵਿਆਂ ਦਾ ਸੱਚ ਕੀ ਹੈ? ਇਨ੍ਹਾਂ ਹਾਕਮਾਂ ਅਧੀਨ ਸਾਡੇ ਆਮ ਲੋਕਾਂ ਦੀ ਹੋਣੀ ਕੀ ਹੈ? ਇਨ੍ਹਾਂ ਸਾਰੇ ਸਵਾਲਾਂ ਦਾ ਜਵਾਬ ਆਕਸਫੈਮ ਇੰਡੀਆ ਦੀ ਤਾਜ਼ਾ ਰਿਪੋਰਟ ਦਿੰਦੀ ਹੈ। ਵਰਲਡ ਇਕਨਾਮਿਕ ਫੋਰਮ ਦੀ ਦਾਵੋਸ ਸਵਿਟਜ਼ਰਲੈਂਡ ਵਿੱਚ ਸ਼ੁਰੂ ਹੋ ਚੁੱਕੀ ਸਾਲਾਨਾ ਮੀਟਿੰਗ ਮੌਕੇ ਜਾਰੀ ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਦੇ 21 ਖਰਬਪਤੀਆਂ ਪਾਸ ਇਸ ਸਮੇਂ ਹੇਠਲੇ 70 ਕਰੋੜ ਭਾਰਤੀਆਂ ਨਾਲੋਂ ਵੱਧ ਧਨ ਹੈ। ਇਸ ਰਿਪੋਰਟ ਮੁਤਾਬਕ 2021 ਵਿੱਚ 5 ਫ਼ੀਸਦੀ ਧਨਾਢਾਂ ਕੋਲ ਦੇਸ਼ ਦੀ ਕੁੱਲ ਸੰਪਤੀ ਦਾ 62 ਫ਼ੀਸਦੀ ਹਿੱਸਾ ਸੀ, ਜਦੋਂ ਕਿ ਹੇਠਲੇ 50 ਫ਼ੀਸਦੀ ਲੋਕਾਂ ਕੋਲ ਸਿਰਫ਼ 3 ਫ਼ੀਸਦੀ। ਕੋਰੋਨਾ ਮਹਾਂਮਾਰੀ ਤਾਂ ਖਰਬਪਤੀਆਂ ਲਈ ਬਹਾਰ ਲੈ ਕੇ ਆਈ ਸੀ। 2020 ਵਿੱਚ ਦੇਸ਼ ਵਿੱਚ ਖਰਬਪਤੀਆਂ ਦੀ ਗਿਣਤੀ 102 ਸੀ, ਜੋ 2022 ਵਿੱਚ ਵਧ ਕੇ 166 ਹੋ ਗਈ ਹੈ। ਕੋਰੋਨਾ ਮਹਾਂਮਾਰੀ ਸ਼ੁਰੂ ਹੋਣ ਤੋਂ ਲੈ ਕੇ ਪਿਛਲੇ ਨਵੰਬਰ ਤੱਕ ਖਰਬਪਤੀਆਂ ਦੀ ਜਾਇਦਾਦ ਵਿੱਚ 121 ਫੀਸਦੀ ਦਾ ਵਾਧਾ ਹੋਇਆ ਹੈ । ਇਸ ਦਾ ਭਾਵ ਹੈ ਕਿ ਹਰ ਦਿਨ ਉਨ੍ਹਾਂ ਦੀ ਦੌਲਤ ਵਿੱਚ 3608 ਕਰੋੜ ਦਾ ਵਾਧਾ ਹੋ ਜਾਂਦਾ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਦੇ 100 ਸਭ ਤੋਂ ਅਮੀਰ ਲੋਕਾਂ ਦੀ ਦੌਲਤ ਇਸ ਸਮੇਂ 54.12 ਲੱਖ ਕਰੋੜ ਰੁਪਏ ਤੱਕ ਪੁੱਜ ਚੁੱਕੀ ਹੈ। ਇਹ ਰਕਮ ਏਨੀ ਵੱਡੀ ਹੈ ਕਿ ਦੇਸ਼ ਦੇ ਪੂਰੇ ਕੇਂਦਰੀ ਬੱਜਟ ਨੂੰ 18 ਮਹੀਨਿਆਂ ਤੱਕ ਫੰਡ ਦੇ ਸਕਦੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2012 ਤੋਂ 2021 ਤੱਕ ਭਾਰਤ ਦੀ ਕੁਲ ਆਮਦਨ ਦਾ 40 ਫ਼ੀਸਦੀ ਹਿੱਸਾ ਸਿਰਫ਼ ਉਪਰਲੇ 1 ਫ਼ੀਸਦੀ ਅਮੀਰਾਂ ਦੇ ਹੱਥਾਂ ਵਿੱਚ ਚਲਾ ਗਿਆ ਹੈ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਕੇਂਦਰ ਸਰਕਾਰ ਅਮੀਰਾਂ ਦੀ ਥਾਂ ਗਰੀਬਾਂ ਤੋਂ ਵੱਧ ਟੈਕਸ ਵਸੂਲਦੀ ਹੈ। ਸਾਲ 2021-2022 ਵਿੱਚ ਜੀ ਐੱਸ ਟੀ ਰਾਹੀਂ 14.83 ਲੱਖ ਕਰੋੜ ਰੁਪਏ ਇਕੱਠੇ ਹੋਏ ਸਨ। ਇਨ੍ਹਾਂ ਵਿੱਚੋਂ 64 ਫ਼ੀਸਦੀ ਹੇਠਲੇ ਆਮ ਲੋਕਾਂ ਤੋਂ ਉਗਰਾਹਿਆ ਗਿਆ ਸੀ, ਜਦੋਂ ਕਿ ਉਪਰਲੇ 10 ਫ਼ੀਸਦੀ ਧਨ ਕੁਬੇਰਾਂ ਦਾ ਇਸ ਵਿੱਚ ਸਿਰਫ਼ 3 ਫ਼ੀਸਦੀ ਹਿੱਸਾ ਸੀ । ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜੇਕਰ ਅਰਬਪਤੀਆਂ ਉੱਤੇ 2 ਫ਼ੀਸਦੀ ਟੈਕਸ ਲਾ ਦਿੱਤਾ ਜਾਵੇ ਤਾਂ ਇਸ ਨਾਲ 40,423 ਕਰੋੜ ਰੁਪਏ ਇਕੱਠੇ ਹੋ ਜਾਣਗੇ, ਜਿਹੜੇ ਬੱਚਿਆਂ ਅੰਦਰ ਕੁਪੋਸ਼ਣ ਦੂਰ ਕਰਨ ਲਈ ਤਿੰਨ ਸਾਲ ਤੱਕ ਵਰਤੇ ਜਾ ਸਕਦੇ ਹਨ । ਜੇਕਰ 2017 ਤੋਂ 2021 ਤੱਕ ਖਰਬਪਤੀ ਗੌਤਮ ਅਡਾਨੀ ਵੱਲੋਂ ਸ਼ੇਅਰਾਂ ਦੀ ਵਧੀ ਕੀਮਤ ਰਾਹੀਂ ਕਮਾਏ ਲਾਭ 'ਤੇ ਇਕਮੁਸ਼ਤ ਟੈਕਸ ਲਾ ਦਿੱਤਾ ਜਾਵੇ ਤਾਂ 1.79 ਲੱਖ ਕਰੋੜ ਰੁਪਏ ਇਕੱਠੇ ਕੀਤੇ ਜਾ ਸਕਦੇ ਹਨ, ਜਿਸ ਨਾਲ 50 ਲੱਖ ਪ੍ਰਾਇਮਰੀ ਅਧਿਆਪਕਾਂ ਨੂੰ ਇੱਕ ਸਾਲ ਤੱਕ ਤਨਖ਼ਾਹ ਦਿੱਤੀ ਜਾ ਸਕਦੀ ਹੈ। ਜੇਕਰ 10 ਉਪਰਲੇ ਖਰਬਪਤੀਆਂ ਉੱਤੇ ਇੱਕ ਵਾਰ 5 ਫ਼ੀਸਦੀ ਟੈਕਸ ਲਾ ਦਿੱਤਾ ਜਾਵੇ ਤਾਂ ਸਰਕਾਰ ਨੂੰ 1.37 ਲੱਖ ਕਰੋੜ ਰੁਪਏ ਮਿਲ ਜਾਣਗੇ ਜਿਹੜੇ 2022-23 ਲਈ ਹੈਲਥ ਐਂਡ ਫੈਮਿਲੀ ਵੈਲਫੇਅਰ ਮੰਤਰਾਲੇ ਲਈ 2022-23 ਲਈ ਰੱਖੇ ਗਏ 86,200 ਕਰੋੜ ਤੋਂ ਡੇਢ ਗੁਣਾ ਨਾਲੋਂ ਵੱਧ ਹਨ । ਆਕਸਫੈਮ ਇੰਡੀਆ ਦੇ ਸੀ ਓ ਅਮਿਤਾਬ ਬੇਹੜ ਨੇ ਕਿਹਾ ਕਿ ਦੇਸ਼ ਦੇ ਹਾਸ਼ੀਏ 'ਤੇ ਰਹਿ ਰਹੇ ਦਲਿਤ, ਆਦਿਵਾਸੀ, ਮੁਸਲਿਮ, ਔਰਤਾਂ ਤੇ ਗੈਰਜਥੇਬੰਦ ਕਾਮੇ ਇਸ ਸਿਸਟਮ ਦੇ ਪੀੜਤ ਹਨ, ਜਿਸ ਕਾਰਨ ਅਮੀਰ ਹੋਰ ਅਮੀਰ ਹੁੰਦੇ ਜਾ ਰਹੇ ਹਨ। ਅਮੀਰਾਂ ਦੇ ਮੁਕਾਬਲੇ ਗਰੀਬ ਲੋਕ ਲੋੜੀਂਦੀਆਂ ਵਸਤਾਂ ਉੱਤੇ ਵੱਧ ਖਰਚ ਕਰਕੇ ਵੱਧ ਤੇ ਉੱਚੇ ਟੈਕਸ ਦਿੰਦੇ ਹਨ। ਹੁਣ ਸਮਾਂ ਆ ਗਿਆ ਹੈ ਕਿ ਅਮੀਰਾਂ ਉੱਤੇ ਟੈਕਸ ਲਾ ਕੇ ਉਨ੍ਹਾਂ ਨੂੰ ਆਪਣਾ ਬਣਦਾ ਹਿੱਸਾ ਦੇਣ ਲਈ ਮਜਬੂਰ ਕੀਤਾ ਜਾਵੇ। ਉਨ੍ਹਾਂ ਕੇਂਦਰੀ ਵਿੱਤ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਉਹ ਅਮੀਰਾਂ ਉਤੇ ਟੈਕਸ ਲਾਉਣ ਲਈ ਪ੍ਰਗਤੀਸ਼ੀਲ ਕਦਮ ਚੁੱਕਣ ਤਾਂ ਜੋ ਅਮੀਰ-ਗਰੀਬ ਦੇ ਪਾੜੇ ਨੂੰ ਘੱਟ ਕੀਤਾ ਜਾ ਸਕੇ। ਇਸ ਰਿਪੋਰਟ ਉੱਤੇ ਵਰਲਡ ਇਕਨਾਮਿਕ ਫੋਰਮ ਦੀ ਚਲ ਰਹੀ ਮੀਟਿੰਗ ਵਿੱਚ ਵਿਚਾਰ ਕਰਕੇ ਜ਼ਰੂਰੀ ਸੇਧਾਂ ਤੈਅ ਕੀਤੀਆਂ ਜਾਣਗੀਆਂ। -ਚੰਦ ਫਤਿਹਪੁਰੀ


BHARTI ART JEWELLERS

WORLD CLASS IMPORTS OF GOLD AND DIAMOND JEWELLERY

ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ

USA ਕਸਟਮਰਜ਼ ਲਈ ਸਪੈਸ਼ਲ ਰੇਟ

42nd Anniversary Celebration



New Location:
346 8140 128th St
(Payal Bus. Centre)
Surrey BC
Ph: 778-565-5000

Flagship Location:
6612 Main St.
Vancouver BC
Ph: 604-327-8711

BhartiJewellers.com



SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711


# ਦਿੱਲੀ ਵਿਚ ਮੁਸਲਮਾਨਾਂ ਨੂੰ ਘਰ ਨਾ ਵੇਚਣ ਦੇ ਪੋਸਟਰ




ਨਵੀਂ ਦਿੱਲੀ- ਦਿੱਲੀ ਦੇ ਬ੍ਰਹਮਪੁਰੀ 'ਚ ਹਿੰਦੂਆਂ ਨੂੰ ਮੁਸਲਮਾਨਾਂ ਨੂੰ ਆਪਣੀਆਂ ਜਾਇਦਾਦਾਂ ਨਾ ਵੇਚਣ ਲਈ ਕਹਿਣ ਵਾਲੇ ਭੜਕਾਊ ਪੋਸਟਰ ਸੋਸ਼ਲ ਮੀਡੀਆ 'ਤੇ ਸਾਹਮਣੇ ਆਏ ਹਨ। ਰਾਜਧਾਨੀ ਦੇ ਉੱਤਰ-ਪੂਰਬੀ ਖੇਤਰ ਦੇ ਅਧੀਨ ਆਉਂਦੇ ਖੇਤਰ ਦੇ ਵਸਨੀਕ ਪ੍ਰਦੀਪ ਸ਼ਰਮਾ ਦੇ ਨਾਮ 'ਤੇ ਅਣਪਛਾਤੇ ਪੋਸਟਰ ਲਗਾਏ ਗਏ ਹਨ। "ਬ੍ਰਹਮਪੁਰੀ ਖੇਤਰ ਦੇ ਸਾਰੇ ਮਕਾਨ ਮਾਲਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮੁਸਲਮਾਨਾਂ ਨੂੰ ਆਪਣੇ ਘਰ ਨਾ ਵੇਚਣ। ਜੇਕਰ ਤੁਸੀਂ ਘਰ ਮੁਸਲਮਾਨਾਂ ਨੂੰ ਵੇਚਦੇ ਹੋ, ਤਾਂ ਸਥਾਨਕ ਨਿਵਾਸੀ ਉਨ੍ਹਾਂ ਨੂੰ ਰਜਿਸਟਰਡ ਨਹੀਂ ਹੋਣ ਦੇਣਗੇ। ਫਿਰ, ਉਹ ਇਸਦੇ ਲਈ ਖੁਦ ਜ਼ਿੰਮੇਵਾਰ ਹੋਣਗੇ। ਇਸ ਵਿਚ ਕਿਹਾ ਗਿਆ ਹੈ, "ਕੋਈ ਵੀ ਸੌਦਾ ਹਿੰਦੂ ਪਾਰਟੀ ਨਾਲ ਕਰਨਾ ਹੋਵੇਗਾ। ਪੋਸਟਰ ਦੇ ਹੇਠਾਂ ਪ੍ਰਦੀਪ ਸ਼ਰਮਾ ਦਾ ਨਾਂ ਅਤੇ ਪਤਾ ਵੀ ਲਿਖਿਆ ਗਿਆ ਹੈ। ਭੜਕਾਊ ਪੋਸਟਰਾਂ ਦੀ ਕਈ ਹਿੱਸਿਆਂ ਤੋਂ ਤੁਰੰਤ ਨਿੰਦਾ ਹੋਈ ਅਤੇ ਲੋਕਾਂ ਨੇ ਦਿੱਲੀ ਪੁਲਿਸ ਨੂੰ ਤੁਰੰਤ ਕਾਰਵਾਈ ਕਰਨ ਲਈ ਟੈਗ ਕੀਤਾ। ਇੱਕ ਸੋਸ਼ਲ ਮੀਡੀਆ ਉਪਭੋਗਤਾ, ਤਜਿੰਦਰ ਸਿੰਘ, ਨੇ ਪੋਸਟਰਾਂ ਨੂੰ "ਸੰਵਿਧਾਨਕ ਅਧਿਕਾਰਾਂ ਦੀ ਖੁੱਲੀ ਦੁਰਵਰਤੋਂ" ਅਤੇ "ਖੁੱਲ੍ਹਾ ਧਮਕੀ" ਦੱਸਿਆ। ਉਨ੍ਹਾਂ ਦਿੱਲੀ ਪੁਲੀਸ ਨੂੰ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕਰਨ ਲਈ ਕਿਹਾ। ਸਿੰਘ ਨੇ ਟਵੀਟ ਕੀਤਾ, ਦੋਸ਼ੀ ਨੂੰ ਗ੍ਰਿਫਤਾਰ ਕਰਨਾ ਚਾਹੀਦਾ ਹੈ ਅਤੇ ਬ੍ਰਹਮਪੁਰੀ ਦੇ ਨਾਗਰਿਕਾਂ ਨੂੰ ਭਰੋਸਾ ਦਿਵਾਉਣਾ ਚਾਹੀਦਾ ਹੈ ਕਿ ਦਿੱਲੀ ਪੁਲਿਸ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਮੌਜੂਦ ਹੈ।


AMAYA LIVING



60 LUXURIOUS CONDOS

- 2 decorative colour schemes: Classic (dark) and Contemporary (light)
- Modern, decorative light fixtures • Oversized double glazed windows
- Laminate floor throughout main level, carpet for stairs and bedrooms
- Tile flooring in all bathrooms, entry and laundry • Elegant faucets
- Master walk-in closets • Full size in-suite laundry
- High-capacity CAT-5 wiring with telephone/cable/data outlets throughout
- Pre-wired for cable, internet and phone line on each floor

KITCHEN

- Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
- Full size stainless steel appliances: refrigerator, stove, dish washer, hood fan and microwave • Garburator

BATHROOM

- Large mirror with light bar • Under-mount porcelain sink with modern single lever faucet • Master with full stand up shower and full height ceramic tiles
- Modern bathroom accessories WARRANTY • 2-5-10 year

PH:778-885.6700

Add:140 St & 108 Ave, Surrey, BC V3T 4N8

E-mail: info@amayaliving.ca

# ਮੁਕਤਸਰ ਦਾ ਯੁੱਧ ਜਾਂ ਮਾਘੀ ਦਾ ਤੀਰਥ ਇਸ਼ਨਾਨ?

ਅਵਤਾਰ ਸਿੰਘ (5104325827)

ਮੁਕਤਾ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਅਜ਼ਾਦ, ਨਿਰਬੰਧ, ਬੰਧਨ ਰਹਿਤ, ਭੇਦ ਅਤੇ ਭਰਮ ਦੀ ਗਠ ਜਿਸ ਦੇ ਦਿਲ ਵਿੱਚ ਨਹੀਂ ਜੋ ਸਦਾ ਮੁਕਤੀਦਾਤੇ ਨੂੰ ਸਿਮਰਦਾ, ਉਹ ਮੁਕਤਾ ਹੈ-ਜਿਹ ਘਟਿ ਸਿਮਰਨ ਰਾਮ ਕੋ ਸੋ ਨਰ ਮੁਕਤਾ ਜਾਨੁ (੧੪੨੮) ਭਾ. ਕਾਨ੍ਹ ਸਿੰਘ ਨ੍ਹਾਭਾ ਜੀ ਲਿਖਦੇ ਹਨ ਕਿ ਗੁਰਮਤਿ ਅਨੁਸਾਰ ਮੁਕਤੀ ਹੈ ਕਿ ਗੁਰਮੁਖਾਂ ਦੀ ਸੰਗਤ ਦੁਆਰਾ ਨਾਮ ਤੱਤ ਦੇ ਅਭਿਆਸ ਦੇ ਸਾਧਨ ਨੂੰ ਜਾਣ ਕੇ ਸਿਰਜਣਹਾਰ ਨਾਲ ਲਿਵ ਦਾ ਜੋੜਨਾ, ਹਉਮੈ ਤਿਆਗ ਪਰਉਪਕਾਰ ਕਰਨਾ, ਅੰਤਸ਼ਕਰਣ ਨੂੰ ਅਵਿਦਿਆ ਅਤੇ ਭਰਮਜਾਲ ਤੋਂ, ਸਰੀਰ ਨੂੰ ਅਪਵਿੱਤਰਤਾ (ਮੰਦੀਆਂ ਵਾਸ਼ਨਾਂ) ਤੋਂ ਪਾਕ ਰੱਖਣਾ ਭਾਵ ਨਾਮ, ਦਾਨ, ਇਸ਼ਨਾਨ ਦਾ ਸੇਵਨ ਕਰਨਾ-ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ (੧੨੭੬) ਕਹੁ ਨਾਨਕ ਗੁਰਿ ਖੋਲੇ ਕਪਾਟ॥ ਮੁਕਤੁ ਭਏ ਬਿਨਸੇ ਭ੍ਰਮਥਾਟ (੧੯੮) ਘਰ-ਪਰਵਾਰ ਗ੍ਰਿਹਸਤ ਵਿੱਚ ਰਹਿੰਦਿਆਂ ਹੀ ਦੁਨੀਆਂ ਦੀ ਮੋਹ ਮਾਇਆ, ਵਹਿਮ-ਭਰਮ, ਕਰਮ-ਕਾਂਢ, ਸਗਨ-ਅਪਸਗਨ, ਛੂਆ-ਛਾਤ, ਜਾਤ-ਪਾਤ ਅਤੇ ਦੇਸ਼-ਕਾਲ ਆਦਿ ਦੇ ਬੰਧਨਾਂ ਤੋਂ ਮੁਕਤ ਹੋਣਾ ਹੈ-ਹਸੰਦਿਆਂ ਖੇਲੰਦਿਆਂ ਪਹਿਨੰਦਿਆਂ ਖਾਵੰਦਿਆਂ ਵਿਚੇ ਹੋਵੇ ਮੁਕਤਿ (੫੨੨)

ਮੁਕਤਸਰ ਦਾ ਜੰਗ-ਜੰਗ ਫ਼ਾਰਸੀ ਦਾ ਲਫਜ਼ ਹੈ ਜਿਸ ਦਾ ਅਰਥ ਹੈ ਯੁੱਧ ਲੜਾਈ।ਆਮ ਤੌਰ ਤੇ ਜੰਗਾਂ ਜ਼ਰ-ਜ਼ੋਰੂ-ਜ਼ਮੀਨ ਖਾਤਿਰ ਹਨ ਪਰ ਗੁਰੂ ਜੀ ਨੂੰ ਜ਼ੋਰ ਤੇ ਜ਼ੁਲਮ ਦੇ ਖ਼ਿਲਾਫ ਲੜਾਈਆਂ ਲੜਨੀਆਂ ਪਈਆਂ।ਹਰ ਪਾਸਿਉਂ ਲਤਾੜੇ ਹੋਏ ਲੋਕਾਂ ਨੂੰ ਸਵੈਮਾਨਤਾ ਭਾਵ ਸਿਰ ਉਚਾ ਕਰਕੇ ਤੁਰਨ-ਫਿਰਨ ਦੀ ਅਜ਼ਾਦੀ ਆਦਿ ਲਈ ਧਰਮ ਜੁੱਧ ਕੀਤੇ। ਦਸ਼ਮੇਸ਼ ਜੀ ਨੇ-ਚੂੰਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ (ਜ਼ਫ਼ਰਨਾਮਾਂ) ਭਾਵ ਜਦ ਅਮਨ-ਅਮਾਨ, ਸੁਖ-ਸ਼ਾਂਤੀ, ਆਪਸੀ ਗਲ-ਬਾਤ ਦੇ ਸਾਰੇ ਹੀਲੇ-ਚਾਰੇ ਖਤਮ ਹੋ ਜਾਣ ਵਿਰੋਧੀ ਹੇਰਾ-ਫੇਰੀਆਂ ਤੇ ਉੱਤਰ ਆਵੇ ਤਾਂ ਫਿਰ ਤਲਵਾਰ ਪਕੜਨੀ ਜਾਇਜ਼ ਹੈ। ਲਾਲਾ ਦੌਲਤ ਰਾਇ ਵੀ ਲਿਖਦੇ ਹਨ ਕਿ ਗੁਰੂ ਜੀ ਨੇ ਹਿੰਦੂ ਪਹਾੜੀ ਰਾਜਿਆਂ ਅਤੇ ਮੁਗਲਾਂ ਦੀ ਕੋਈ ਥਾਂ ਨਹੀਂ ਮੱਲੀ ਅਤੇ ਨਾਂ ਹੀ ਵਿਰੋਧੀਆਂ ਤੇ ਕੋਈ ਵਧੀਕੀ ਕੀਤੀ ਬਲਕਿ ਉਹ ਤਾਂ ਮਾਰਸ਼ਲ ਸਪਿਰਟ ਪੈਦਾ ਕਰਨ ਵਿੱਚ ਲੱਗੇ ਹੋਏ ਸਨ ਇਸ ਲਈ ਉਨ੍ਹਾਂ ਨੂੰ ਤੰਗ ਪਰੇਸ਼ਾਨ ਕੀਤਾ ਗਿਆ ਤਾਂ ਉਨ੍ਹਾਂ ਮਜ਼ਬੂਰਨ ਤਲਵਾਰ ਪਕੜੀ।ਗੌਰ ਤਲਬ ਹੈ ਕਿ ਜਦ ਮਕਾਰੀ,ਵਿਕਾਰੀ ਤੇ ਹੰਕਾਰੀ ਮੁਗਲਾਂ ਤੇ ਪਹਾੜੀ ਰਾਜਿਆਂ ਨੇ ਗੁਰੂ ਜੀ ਦਾ ਸੰਤ-ਸਿਪਾਹੀ ਰਵੱਈਆ ਫੌਜੀ ਟਰੇਨਿੰਗ ਆਦਿਕ ਚੜ੍ਹਦੀ ਕਲਾ ਵਿੱਚ ਜਾਂਦਾ ਵੇਖਿਆ, ਜਿਨ੍ਹਾਂ ਗਰੀਬ ਲੋਕਾਂ ਨੂੰ ਹਕੂਮਤ ਅਤੇ ਕੱਟੜਪੰਥੀ ਧਾਰਮਿਕ ਆਗੂਆਂ ਨੇ ਦਬਾਇਆ ਹੋਇਆ ਸੀ ਜਿਹੜੇ ਇੱਥੋਂ ਤੱਕ ਡਰੇ ਹੋਏ ਸਨ ਕਿ-ਕੰਮ ਹਮਾਰਾ ਤੋਲਣ ਤੱਕੜੀ।ਨੰਗੀ ਕਰਦ ਕਦੇ ਨਹੀਂ ਪਕੜੀ।ਚਿੜੀ ਉੱਡੇ ਤਉ ਹਮ ਡਰ ਜਾਂਇ।ਦੁਸ਼ਮਣ ਸੇ ਕੈਸੇ ਲੜ ਪਾਂਏ।ਉਹ ਲੋਕ ਜ਼ੁਲਮ-ਜ਼ਬਰ ਦੇ ਵਿਰੁੱਧ ਉੱਠ ਖੜੇ ਹੋਏ ਤਾਂ ਮੁਗਲੀਆ ਹਕੂਮਤ ਤੇ ਪਹਾੜੀ ਰਾਜਿਆਂ ਗੁਰੂ ਜੀ ਨੂੰ ਅਨੰਦਪੁਰ ਛੱਡ ਜਾਣ ਲਈ ਅਤੇ ਹਕੂਮਤ ਦੇ ਅੰਡਰ ਚੱਲਣ ਲਈ ਕਹਿ ਦਿੱਤਾ ਤਾਂ ਗੁਰੂ ਜੀ ਨੇ ਇਨ੍ਹਾਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਕਿ ਅਸੀਂ ਕਿਸੇ ਦੀ ਚੱਪਾ ਵੀ ਭੋਇੰ ਨਹੀਂ ਮੱਲੀ ਹੋਈ, ਅਨੰਦਪੁਰ ਸਾਡਾ ਜ਼ਰ ਖਰੀਦ ਹੈ, ਅਸੀਂ ਅਮਨ ਪਸੰਦ ਸ਼ਹਿਰੀ ਅਤੇ ਅਕਾਲ ਪੁਰਖ ਦੇ ਅਧੀਨ ਹਾਂ ਜਿਸ ਦੇ ਅਧੀਨ ਸਾਰਾ ਜਗਤ ਹੈ।ਪਹਿਲਾਂ ਕਿਸੇ ਤੇ ਵਾਰ ਕਰਦੇ ਨਹੀਂ ਪਰ ਜਦ ਦੁਸ਼ਮਣ ਹੋਸ਼ੇ ਹਥਿਆਰਾਂ ਤੇ ਉੱਤਰ ਆਵੇ ਤਾਂ ਅਸੀਂ ਸਵੈਮਾਨ ਲਈ, ਜ਼ਾਲਮਾਂ ਦਾ ਮੂੰਹ ਭੰਨ ਸਕਦੇ ਹਾਂ, ਜਿਸ ਮੂੰਹ ਨੂੰ ਗਰੀਬਾਂ ਤੇ ਮਜ਼ਲੂਮਾਂ ਦਾ ਖੂਨ ਚੂਸਣ ਦੀ ਆਦਿਤ ਪੈ ਚੁੱਕੀ ਹੈ। ਅਸੀਂ ਉਸ ਰਹਿਬਰ ਬਾਬਾ ਨਾਨਕ ਦੇ ਵਾਰਿਸ ਹਾਂ ਜਿਸ ਨੇ ਬਲੰਦ ਬਾਂਗ ਕਿਹਾ ਸੀ-ਰਾਜੇ ਸ਼ੀਹ ਮਕਦਮ ਕੁੱਤੇ॥ਜਾਇ ਜਗਾਇਨਿ ਬੈਠੇ ਸੁਤੇ (੧੨੮੮) ਬਾਬਰ ਨੂੰ ਜ਼ਾਬਰ ਕਹਿਣ ਵਾਲੇ ਗੁਰੂ ਦੇ ਅਨੁਯਾਈ ਹਾਂ।

ਜਦ ਜ਼ਾਲਮ ਹਕੂਮਤ ਬਾਜ ਨਾ ਆਈ ਤਾਂ ਪਹਿਲਾਂ ਭੰਗਾਣੀ ਦਾ ਜੁੱਧ ਹੋਇਆ ਜਿਸ ਵਿੱਚ ਵੈਰੀ ਦੇ ਭਾਰੀ ਨੁਕਸਾ ਨਾਲ, ਗੁਰਸਿੱਖਾਂ ਦੇ ਹੌਂਸਲੇ ਹੋਰ ਬੁਲੰਦ ਹੋ ਗਏ ਇਵੇਂ ਇੱਕਾ-ਦੁੱਕਾ ਨਦੌਣ, ਗੁਲ੍ਹੇਰ ਦੇ ਜੰਗਾਂ ਬਾਦ ਅਨੰਦਪੁਰ ਦੀਆਂ ਤਿੰਨ ਲੜਾਈਆਂ ਹੋਈਆਂ, ਵੈਰੀਆਂ ਨੂੰ ਹਰ ਲੜਾਈ ਵਿੱਚ ਮੂੰਹ ਦੀ ਖਾਣੀ ਪਈ।ਆਖਿਰ ਹਕੂਮਤ ਨੇ ਪਹਾੜੀ ਰਾਜਿਆਂ ਦੀਆਂ ਝੂਠੀਆਂ ਚੁਗਲੀਆਂ ਅਤੇ ਸ਼ਾਹੀ ਫੌਜਾਂ ਦੇ ਵਕਾਰ ਨੂੰ ਦੇਖ ਗੁਰੂ ਨੂੰ ਪਕੜਨ ਵਾਸਤੇ ਅਨੰਦਪੁਰ ਨੂੰ ਦੂਰ-ਦੂਰ ਤੱਕ ਘੇਰਾ ਪਾ ਲਿਆ, ਜੋ ਸੱਤ ਮਹੀਨੇ ਤੱਕ ਜਾਰੀ ਰਿਹਾ। ਜਦ ਫੇਰ ਵੀ ਕੋਈ ਕਾਮਜ਼ਾਬੀ ਪ੍ਰਾਪਤ ਨਾਂ ਹੋਈ ਤਾਂ ਬਹਰੋਂ ਰਸਤ-ਪਾਣੀ ਦੇ ਰਸਤੇ ਬੰਦ ਕਰ ਦਿੱਤੇ ਪਰ ਸਿੰਘ ਫਿਰ ਵੀ ਸ਼ੇਰ-ਝੱਪਟ ਦੁਆਰਾ ਰਾਸ਼ਨ-ਪਾਣੀ ਲੈ ਜਾਂਦੇ ਰਹੇ, ਤਾਂ ਮੁਗਲ ਸੈਨਾ ਤੇ ਪਹਾੜੀ ਰਾਜਿਆਂ ਆਪਣੀ ਜਾਨ ਖਲਾਸੀ ਦੀ ਖਾਤਿਰ ਕੁਰਾਨ ਤੇ ਗਊ ਦੀਆਂ ਕਸਮਾਂ ਖਾ, ਵਾਸਤੇ ਪਾ ਗੁਰੂ ਜੀ ਨੂੰ ਕਹਿ ਦਿੱਤਾ ਅਤੇ ਔਰੰਗਜ਼ੇਬ ਤੋਂ ਵੀ ਸ਼ਾਹੀ ਫੁਰਮਾਨ ਜ਼ਾਰੀ ਕਰਵਾ ਲਿਆ ਕਿ ਇੱਕ ਵਾਰ ਤੁਸੀਂ ਅਨੰਦਪੁਰ ਖਾਲੀ ਕਰ ਦਿਉ, ਅਸੀਂ ਤੁਹਾਨੂੰ ਕੁੱਝ ਨਹੀਂ ਕਹਾਂਗੇ, ਸਾਡੀ ਇਜ਼ਤ ਔਰੰਗਜ਼ੇਬ ਦੇ ਦਰਬਾਰ ਬਚ ਜਾਵੇਗੀ। ਜਦ ਇਹ ਪਰਵਾਨਾ ਆਇਆ ਤਾਂ ਗੁਰੂ ਜੀ ਨੇ ਸਿੰਘਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵੈਰੀ ਬੜਾ ਮਕਾਰ ਹੈ, ਸ਼ਾਮ, ਦਾਮ, ਦੰਡ, ਭੇਦ ਦੀ ਨੀਤੀ ਵਰਤ ਕੇ ਨੁਕਸਾਨ ਕਰਨਾ ਚਾਹੁੰਦਾ ਹੈ।ਇਸ ਲਈ ਇਸ ਤੇ ਵਿਸ਼ਵਾਸ਼ ਕਰਨਾ ਖਤਰੇ ਤੋਂ ਖਾਲੀ ਨਹੀਂ। ਲੰਬੇ ਅਰਸੇ ਤੋਂ ਰਸਤ ਪਾਣੀ ਮੁੱਕ ਜਾਣ, ਸਿੰਘ-ਸਿੰਘਣੀਆਂ ਤੇ ਜੰਗੀ ਜਨਵਰਾਂ ਦੇ ਬੀਮਾਰ ਤੇ ਕਮਜ਼ੋਰ ਹੋ ਜਾਣ ਕਰਕੇ ਕੁਝ ਸਮੇ ਲਈ ਸਿੰਘਾਂ ਗੁਰੂ ਜੀ ਨੂੰ ਸਲਾਹ ਦਿੱਤੀ ਕਿ ਕਿਤੇ ਨਿਵੇਕਲੀ ਥਾਂ ਤੇ ਹੋਰ ਮਜ਼ਬੂਤ ਹੋ ਕੇ ਦੁਸ਼ਮਣ ਦਾ ਮੁਕਾਬਲਾ ਕੀਤਾ ਜਾਵੇ ਪਰ ਗੁਰੂ ਜੀ ਨਾਂ ਮੰਨੇ ਤੇ ਫਿਰ ਕਿਹਾ ਇਨ੍ਹਾਂ ਬੇਈਮਾਨਾਂ ਦਾ ਕੋਈ ਭਰੋਸਾ ਨਹੀ ਕਰਨਾ। ਵੈਰੀਆਂ ਦਾ ਇਮਾਨ ਪਰਖਣ ਲਈ ਗੁਰੂ ਜੀ ਨੇ ਸਿੰਘਾਂ ਨੂੰ ਕਿਹਾ ਕਿ ਕੁਝ ਫਟੇ ਪੁਰਾਣੇ ਕਪੜੇ ਤੇ ਟੁੱਟੇ ਫੁੱਟੇ ਛਿੱਤਰਾਂ ਆਦਿ ਦੀਆਂ ਪੰਡਾਂ ਬੰਨ੍ਹ ਕੇ, ਖੱਚਰਾਂ ਆਦਿ ਤੇ ਲੱਧ ਕੇ ਬਾਹਰ ਭੇਜ ਦਿੱਤੀਆਂ ਜਾਣ। ਜਦ ਐਸਾ ਕੀਤਾ ਗਿਆ, ਤਾਂ ਵੈਰੀ ਸਭ ਕਸਮਾਂ ਛਿੱਕੇ ਟੰਗ, ਪਿਛੇ ਟੁੱਟ ਪਿਆ। ਜਦ ਟੁੱਟੇ ਛਿੱਤਰ ਤੇ ਫਟੇ ਕਪੜੇ ਹੀ ਹੱਥ ਲੱਗੇ ਤਾਂ ਨਮੋਸ਼ੀ ਦੀ ਹਾਲਤ ਵਿੱਚ ਪਿਛੇ ਮੁੜ ਗਿਆ। ਉਧਰ ਗੁਰੂ ਜੀ ਨੇ ਸਿੰਘਾਂ ਨੂੰ ਕੁਝ ਸਮਾਂ ਹੋਰ ਸਬਰ ਨਾਲ ਜ਼ਬਰ ਦਾ ਟਾਕਰਾ ਕਰਨ ਲਈ ਕਿਹਾ, ਅਖੀਰ ਜਦ ਸਿੰਘ, ਜੰਗੀ ਜਾਨਵਰ ਭੁੱਖ, ਬੀਮਾਰੀ ਅਤੇ ਕਮਜੋਰੀ ਨਾਲ ਨਿਢਾਲ ਹੋ ਮਰਨ ਲੱਗੇ, ਤਾਂ ਐਸੇ ਹਲਾਤਾਂ ਵਿੱਚ ਸਿੰਘਾਂ ਦੀ ਬੇਨਤੀ ਮੰਨ, ਕੁਰਾਨ ਤੇ ਗਊ ਦੀਆਂ ਕਸਮਾਂ ਦਾ ਵਾਸਤਾ ਪੈਂਦਾ ਦੇਖ ਅਤੇ ਔਰੰਗਜ਼ੇਬ ਦੇ ਇਹ ਕਹਿਣ ਤੇ ਕਿ ਇੱਕ ਵਾਰ ਤੁਸੀਂ ਅਨੰਦਪੁਰ ਖਾਲੀ ਕਰ ਦਿਓ, ਸਾਡਾ ਸ਼ਾਹੀ ਵਿਕਾਰ ਵੀ ਬਣਿਆ ਰਹੇ ਅਤੇ ਤੁਹਾਡੀ ਵਾ ਵੱਲ ਵੀ ਕੋਈ ਨਹੀਂ ਦੇਖੇਗਾ। ਭਾਵੇਂ ਗੁਰੂ ਜੀ ਔਰੰਗੇ ਤੇ ਪਹਾੜੀਆਂ ਦੀ ਬਦਨੀਤੀ ਜਾਣਦੇ ਸਨ ਪਰ ਅਨੰਦਪੁਰ ਦੀ ਅੰਦਰਲੀ ਹਾਲਤ ਬਹੁਤ ਹੀ ਪਤਲੀ ਪੈ ਜਾਣ ਕਰਕੇ ੬-੭ ਪੋਹ ਦੀ ਰਾਤ ਨੂੰ ਦਸੰਬਰ ਦੇ ਪਹਿਲੇ ਹਫਤੇ ਅਨੰਦਪੁਰ ਨੂੰ ਸਦਾ ਲਈ ਛੱਡ ਕੀਰਤਪੁਰ ਵੱਲ ਚੱਲ ਪਏ। ਵੇਖੋ ਗੁਰੂ ਸੂਰਮੇ ਦਾ ਦਿਲ ਵੈਰੀ ਦਲ ੧੦ ਲੱਖ ਦੀ ਗਿਣਤੀ ਵਿੱਚ, ਇੱਕ ਸਾਧਾਰਣ ਜਿਹੇ ਨਗਰ ਚਮਕੌਰ ਗੜੀ 'ਤੇ ਚੜ੍ਹ ਆਇਆ ਸੀ ਜਿਸ ਵਿੱਚ ਕੁਝ ਗਿਣਤੀ ਦੇ ਹੀ ਸਿੰਘ ਸਨ। ਇਸ ਲੰਬੇ ਘੇਰੇ ਵਿੱਚ ਵੀ ਗੁਰੂ ਸੂਰਮੇ ਨੇ ਦਿਲ ਨਹੀਂ ਛੱਡਿਆ, ਵੈਰੀ ਅੱਗੇ ਹੱਥਿਆਰ ਨਹੀਂ ਸੁੱਟੇ, ਬੜੀ ਵਿਉਂਤਬੰਦੀ ਨਾਲ ਵੈਰੀ ਦਲ ਨੂੰ ਭੜਥੂ ਪਾਈ ਰੱਖਿਆ।

ਸਰਸਾ ਤੇ ਪਿਆ ਪਰਵਾਰ ਵਿਛੋੜਾ-ਅਜੇ ਗੁਰੂ ਜੀ ਸਿੰਘਾਂ ਸਮੇਤ ਕੀਰਤਪੁਰ ਹੀ ਲੰਘੇ ਸਨ ਕਿ ਦਿਨ ਦੇ ਚੜਦੇ ਸਾਰ ਹੀ ਕਹਿਲੂਰੀਏ ਅਜਮੇਰ ਚੰਦ ਤੇ ਸਰਹੰਦ ਦੇ ਨਾਜ਼ਮ ਵਜੀਰ ਖਾਂ ਨੇ ਆਪਣੀਆਂ ਸ਼ਾਹੀ ਫੌਜਾਂ ਲੈ ਹੱਲਾ ਕਰ ਦਿੱਤਾ। ਹੋਰ ਫੌਜੀ ਤੇ ਮੁਲਖੱਈਆ ਅਨੰਦਪੁਰ ਸਾਹਿਬ ਨੂੰ ਲੁੱਟਣ ਜਾ ਪਏ। ਇਧਰ ਜਦ ਵੈਰੀ ਸਾਰੀਆਂ ਕਸਮਾਂ ਤੋੜ ਗਲ ਆ ਪਿਆਂ ਤਾਂ ਸਰਸਾ ਕਿਨਾਰੇ ਸਿੰਘਾਂ ਨੇ ਭੁੱਖੇ ਸ਼ੇਰਾਂ ਵਾਂਗ ਵੈਰੀ ਦੇ ਚੰਗੇ ਆਹੂ ਲਾਹੇ। ਜਿਥੇ ਵੈਰੀ ਦਲ ਦਾ ਭਾਰੀ ਨੁਕਸਾਨ ਹੋਇਆ ਉਥੇ ਗੁਰੂ ਜੀ ਦੇ ਕੁਝ ਜਾਨੋਂ ਪਿਆਰੇ ਸਿੰਘ ਵੀ ਭਾ. ਉਦੇ ਸਿੰਘ ਦੀ ਅਗਵਾਈ ਚ' ਸ਼ਹੀਦ ਹੋ ਗਏ।ਨਿਰਭਉ ਤੇ ਨਿਰਵੈਰ ਗੁਰੂ ਨੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸਿੰਘਾਂ ਨਾਲ ਰਲ ਕੇ ਕੀਤਾ ਅਤੇ ਅਰਦਾਸਾ ਸੋਧ ਕੇ ਸਰਸਾ ਨਦੀ ਪਾਰ ਕਰਨ ਲਈ ਠਿੱਲ ਪਏ। ਬਰਸਾਤ ਕਾਰਨ ਇਸ ਬਰਸਾਤੀ ਨਦੀ ਦਾ ਵੇਗ ਬਹੁਤ ਤਿੱਖਾ ਸੀ ਸਾਰੇ ਸਿੰਘਾਂ ਕੋਲ ਘੋੜੇ ਵੀ ਨਹੀਂ ਸਨ ਅਤੇ ਹੜ ਅੱਗੇ ਘੋੜਿਆਂ ਦੀ ਵੀ ਪੇਸ਼ ਨਹੀਂ ਸੀ ਜਾ ਰਹੀ।ਇਵੇਂ ਬਹੁਤੇ ਸਿੰਘ ਸਿੰਘਣੀਆਂ ਹੜ ਵਿੱਚ ਰੁੜ੍ਹ ਗਏ। ਕੇਵਲ ਮਾਤਾ ਗੁਜਰੀ ਨਾਲ ਛੋਟੇ ਸਾਹਿਬਜ਼ਾਦੇ, ਗੁਰੂ ਜੀ ਦੇ ਮਹਿਲਾਂ ਨਾਲ ਭਾਈ ਮਨੀ ਸਿੰਘ, ਗੁਰੂ ਜੀ ਨਾਲ ਵੱਡੇ ਸਾਹਿਬਜ਼ਾਦੇ ਅਤੇ ਬਾਕੀ ਬਚੇ ਸਿੰਘ, ਸਰਸਾ ਪਾਰ ਕਰ, ਰੋਪੜ ਵੱਲ ਚੱਲ ਪਏ ਪਰ ਵੈਰੀ ਸ਼ੂਕਦੀ ਸਰਸਾ ਵਿੱਚ ਵੜਨੋਂ ਡਰਦਾ ਰਿਹਾ।ਏਨੇ ਨੂੰ ਗੁਰੂ ਜੀ ਬਹੁਤ ਦੂਰ ਚਲੇ ਗਏ, ਉਧਰ ਜਿਹੜੇ ਸਿੰਘ ਸਰਸਾ ਵਿੱਚ ਰੁੜ੍ਹ ਗਏ ਤੇ ਕਿਤੇ ਦੂਰ ਲਹਿੰਦੇ ਪਾਸੇ ਰੁੜਦੇ ਹੋਏ ਕੁਝ ਕੰਢੇ ਜਾ ਲਗੇ। ਓਧਰ ਪੋਹ ਦੀ ਸਰਦੀ, ਲੰਬੇ ਸਮੇ ਦੀ ਭੁੱਖ, ਕਮਜੋਰੀ, ਸਰਸਾ ਦੇ ਬਰਫਾਨੀ ਤੇ ਤੂਫਾਨੀ ਪਾਣੀ ਨੇ ਉਨ੍ਹਾਂ ਦਾ ਬੁਰਾ ਹਾਲ ਕਰ ਦਿੱਤਾ।ਉਹ ਨਿਢਾਲ ਹੋਏ ਵੈਰੀ ਦੇ ਹੱਥ ਆਉਣ ਨਾਲੋਂ ਜਿਧਰ ਵੀ ਉਨ੍ਹਾਂ ਨੂੰ ਰਾਹ ਮਿਲਿਆ ਚਲੇ ਗਏ।ਇਧਰ ਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ ਤੇ ੪੦ ਕੁ ਸਿੰਘਾਂ ਨਾਲ ਭਾਈ ਬੁੱਧੀ ਚੰਦ ਦੀ ਕੱਚੀ ਹਵੇਲੀ ਵਿੱਚ ਜਾ ਮੁਕਾਮ ਕੀਤਾ। ਏਨੇ ਨੂੰ ਵੈਰੀ ਦਲ ਦੀ ਤਾਜਾ ਦਮ ਫੌਜ ਗੋਲੀ ਸਿਕੇ ਬਰੂਦ ਤੇ ਅਧੁਨਿਕ ਹਥਿਆਰਾਂ ਨਾਲ ਲੈਸ ਹੋ, ਮਾਰੋ-ਮਾਰ ਕਰਦੀ ਹੋਈ ਕੱਚੀ ਗੜੀ ਦੇ ਦੁਆਲੇ ਇੱਕਠੀ ਹੋ ਗਈ। ਇਸ ਵਿੱਚ ਸੂਬਾ ਸਰਹੰਦ, ਸੂਬਾ ਲਹੌਰ ਅਤੇ ਸੂਬਾ ਕਸ਼ਮੀਰ, ਦਿੱਲੀ ਤੋਂ ਸ਼ਾਹੀ ਫੌਜਾਂ ਅਤੇ ਪਹਾੜੀ ਰਾਜੇ, ਲੁਟੇਰੇ ਗੁਜਰ ਤੇ ਰੰਗੜ ਆਦਿਕ ਮੁਲਖਈਆ ਵੀ ਸ਼ਾਮਲ ਹੋ ਗਿਆ।ਇਤਿਹਾਸਕਾਰ ਲਿਖਦਾ ਹੈ ਕਿ ੧੦ ਲੱਖ ਫੌਜ ਨੇ ਗੜੀ ਨੂੰ ਘੇਰਾ ਪਾ ਲਿਆ, ਔਰੰਗੇ ਦਾ ਹੁਕਮ ਸੀ ਕਿ ਗੁਰੂ ਨੂੰ ਜਿੰਦਾ ਗ੍ਰਿਫਤਾਰ ਕਰਨਾ ਜਾਂ ਸਿਰ ਵੱਢ ਕੇ ਲਿਆਉਣਾ ਹੈ ਪਰ "ਪਾਪੀ ਔਰੰਗਾ ਕੀ ਜਾਣੇ ਮੌਜਾਂ ਦੇ ਮਾਹੀ ਸਰਕਾਰ ਦੀਆਂ ਗੁੱਝੀਆਂ ਰਮਜ਼ਾਂ ਨੂੰ" ਮਹਾਂਨ ਜਰਨੈਲ ਸੂਰਮੇ ਨੇ ਸਿੰਘਾਂ ਦੇ ਛੋਟੇ-ਛੋਟੇ ਜਥੇ ਬਣਾ ਕੇ, ਭੂਤਰੇ ਹੋਏ ਵੈਰੀ ਨਾਲ ਦੋ ਹੱਥ ਕਰਨ ਦੀ ਤਿਆਰੀ ਕੀਤੀ।ਉਸ ਦਿਨ ੮ ਪੋਹ ਦੀ ਰਾਤ ਸੀ, ਵੈਰੀ ਨੇ ਧਾਵਾ ਬੋਲ ਦਿੱਤਾ ਤਾਂ ਸਿੰਘ ਵੀ ਬਾਜਾਂ ਵਾਂਗ ਵੈਰੀ 'ਤੇ ਝਪਟ ਪਏ, ਲੱਖਾਂ ਦੀ ਕਟਾ-ਵੱਢ ਕਰਦੇ ਹੋਏ ਸ਼ਹੀਦੀ ਜ਼ਾਮ ਪੀਂਦੇ ਹੋਏ ਵੇਰੀਆਂ ਦੇ ਸੁਪਨੇ ਚਕਨਾ ਚੂਰ ਕਰ ਗਏ। ਜਿਨ੍ਹਾਂ ਵਿੱਚ ਗੁਰੂ ਜੀ ਦੇ ਵੱਡੇ ਦੋ ਪੁੱਤਰ ਤੇ ਪੰਜਾਂ ਪਿਆਰਿਆਂ ਚੋਂ ਦੋ ਪਿਆਰੇ ਵੀ ਸ਼ਹੀਦੀ ਪਾ ਗਏ,ਬਾਕੀ ਗੜੀ ਅੰਦਰ ਸਿਰਫ ੧੧ ਸਿੰਘ ਬਚੇ-ਭਾਈ ਦਇਆ ਸਿੰਘ ਧਰਮ ਸਿੰਘ, ਮਾਨ ਸਿੰਘ, ਸੰਗਤ ਸਿੰਘ, ਸੰਤ ਸਿੰਘ, ਰਾਮ ਸਿੰਘ, ਕੇਹਰ ਸਿੰਘ, ਸੰਤੋਖ ਸਿੰਘ, ਦੇਵਾ ਸਿੰਘ, ਜਿਊਣ ਸਿੰਘ, ਕਾਠਾ ਸਿੰਘ।

ਵੈਰੀਆਂ ਨੇ ਵੀ ਅੰਦਾਜਾ ਲਾਇਆ ਕਿ ਹੁਣ ਥੋੜੇ ਹੀ ਸਿੰਘ ਗੁਰੂ ਸਮੇਤ ਬਚੇ ਹਨ। ਰਾਤ ਨੂੰ ਤਾਂ ਲੜਾਈ ਦੀ ਲੋੜ ਨਹੀਂ ਸਵੇਰੇ ਹੱਥੋ-ਹੱਥ ਗੁਰੂ ਗੋਬਿੰਦ ਸਿੰਘ ਸਮੇਤ ਸਿੰਘਾਂ ਨੂੰ ਜਿਉਂਦੇ ਫੜ ਲਵਾਂਗੇ, ਇਉਂ ਜਰਨੈਲਾਂ ਨੂੰ ਬੇਫਿਕਰੀ ਹੋ ਗਈ।ਹੁਣ ਗੁਰੂ ਜੀ ਨੇ ਖੁਦ ਮੈਦਾਨੇ ਜੰਗ ਵਿੱਚ ਵੈਰੀ ਦਾ ਮੁਕਾਬਲਾ ਕਰਕੇ ਸ਼ਹੀਦ ਹੋਣ ਦੀ

(ਬਾਕੀ ਸਫਾ ਬੀ੦੪ ਤੇ)


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*

SPOUSAL SPONSORSHIP*

STUDY- WORK PERMIT & LMIA*

CIC REFUSAL APPEAL CASES*

PR & CITIZENSHIP APPLICATION*

INDIAN VISA-NAME CHANGE APPLICATION

PCC-OCI-RTI APPLICATIONS

IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097

By Appointment Only

#202-12677-80AVE SURREY



THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

# ਗੁਲਾਮ ਕੌਮਾਂ ਆਪਣੇ ਸ਼ਾਸਕਾਂ ਦੇ ਰਾਸ਼ਟਰੀ ਦਿਨ ਨਹੀਂ ਮਨਾਉਂਦੀਆਂ:ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ

ਅੰਮ੍ਰਿਤਸਰ:ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਅਤੇ ਤਵਾਰੀਖ਼ ਸ਼ਹੀਦ-ਏ-ਖ਼ਾਲਿਸਤਾਨ ਕਿਤਾਬ ਦੇ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਗ਼ੁਲਾਮ ਕੌਮਾਂ ਆਪਣੇ ਸ਼ਾਸਕਾਂ ਦੇ ਰਾਸ਼ਟਰੀ ਦਿਨ ਨਹੀਂ ਮਨਾਉਂਦੀਆਂ ਹਨ।26 ਜਨਵਰੀ ਅਤੇ 15 ਅਗਸਤ ਸਾਡੇ ਲਈ ਬੇ-ਮਾਇਨੇ ਹਨ।ਇਹ ਤਿਰੰਗਾ, ਸੰਵਿਧਾਨ ਅਤੇ ਰਾਸ਼ਟਰੀ ਗੀਤ ਸਾਡੇ ਲਈ ਬਿਗਾਨੇ ਹਨ।ਸਿੱਖ ਇੱਕ ਵੱਖਰੀ ਕੌਮ ਹੈ ਜੋ ਆਪਣੇ ਅਜ਼ਾਦ ਘਰ ਦੀ ਸਥਾਪਨਾ ਲਈ ਜੱਦੋ-ਜਹਿਦ ਵਿੱਚ ਜੁਟੀ ਹੋਈ ਹੈ।ਉਹਨਾਂ ਕਿਹਾ ਕਿ ਦਿੱਲੀ ਦਰਬਾਰ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਅਤੇ ਸਵੈ-ਨਿਰਣੇ ਦੇ ਹੱਕ ਨੂੰ ਪ੍ਰਾਪਤ ਕਰਨ ਤੇ ਸਿੱਖ ਰਾਜਸੀ ਕੈਦੀਆਂ ਦੀ ਬੰਦ-ਖਲਾਸੀ ਲਈ ਜੰਗ ਜਾਰੀ ਰਹੇਗੀ।




ਸਿੱਖ ਸਵੈ-ਰਾਜ ਖ਼ਾਲਿਸਤਾਨ ਦੀ ਲੜਾਈ ਲਈ ਸ਼ਹਾਦਤਾਂ ਪਾਉਣ ਵਾਲੇ ਸਿੰਘ-ਸਿੰਘਣੀਆਂ ਸਾਡੇ ਲਈ ਪ੍ਰੇਰਨਾ ਸਰੋਤ ਅਤੇ ਸਤਿਕਾਰਯੋਗ ਹਨ।

ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਕੌਮ ਖਾਤਰ ਜੂਝਣ ਦਾ ਚਾਉ ਰੱਖਣ ਵਾਲ਼ਿਆਂ ਸਿੱਖ ਨੌਜਵਾਨ ਆਪਣੇ ਕੌਮੀ ਫ਼ਰਜਾਂ ਨੂੰ ਪਛਾਣਦੇ ਹੋਏ ਆਪਣੀ ਸ਼ਕਤੀ ਨੂੰ ਛੋਟੇ-ਛੋਟੇ ਹਿੱਸਿਆਂ ‘ਚ ਖਿੰਡਾਉਣ ਦੀ ਜਗ੍ਹਾ ਇੱਕ ਥਾਂ ਇਕੱਠੀ ਕਰ ਕੇ ਕੌਮੀ ਕਾਰਜਾਂ ਲਈ ਵਰਤੋਂ ਵਿੱਚ ਲਿਆਉਣ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ, ਖ਼ਾਲਸਾ ਪੰਥ ਦੇ ਬੋਲ-ਬਾਲੇ, ਚੜ੍ਹਦੀ ਕਲਾ ਅਤੇ ਰਾਜ ਕਰੇਗਾ ਖ਼ਾਲਸਾ ਦੇ ਸੰਕਲਪ ਨੂੰ ਸਾਕਾਰ ਕਰਨ ਲਈ ਸੰਘਰਸ਼ਸ਼ੀਲ ਅਤੇ ਇੱਕਜੁੱਟ ਹੋਈਏ, ਕਲਗੀਧਰ ਪਾਤਸ਼ਾਹ ਜੀ ਸਾਨੂੰ ਜ਼ਰੂਰ ਸਫ਼ਲਤਾ ਬਖ਼ਸ਼ਣਗੇ।

# ਬਰਗਾੜੀ ਬੇਅਦਬੀ ਦੇ ਦੋਸ਼ੀ ਮਹਿੰਦਰਪਾਲ ਬਿੱਟੂ ਨੂੰ ਸੋਧਣ ਵਾਲੇ ਕੌਮੀ ਯੋਧੇ ਭਾਈ ਹਰਪ੍ਰੀਤ ਸਿੰਘ ਨਾਗਰਾ ਦਾ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਸਨਮਾਨ



ਅੰਮ੍ਰਿਤਸਰ: ਬਰਗਾੜੀ ਅਤੇ ਕੋਟਕਪੂਰਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੇ ਅੰਗ ਪਾੜ ਕੇ ਗਲੀਆਂ ਨਾ਼ਲੀਆਂ ਵਿੱਚ ਖਿਲਾਰਨ ਵਾਲੇ ਡੇਰਾ ਸਿਰਸਾ ਦੇ ਮੁੱਖ ਦੋਸ਼ੀ, ਦੁਸ਼ਟ ਮਹਿੰਦਰਪਾਲ ਬਿੱਟੂ ਨੂੰ ਨਾਭਾ ਜੇਲ੍ਹ ਵਿੱਚ ਰਾਡਾਂ ਮਾਰ ਕੇ ਖ਼ਾਲਸਾਈ ਰਵਾਇਤਾਂ ਅਨੁਸਾਰ ਸੋਧ ਕੇ ਗੱਡੀ ਚਾੜ੍ਹਨ ਵਾਲੇ ਸਿੱਖ ਕੌਮ ਦੇ ਯੋਧੇ ਭਾਈ ਹਰਪ੍ਰੀਤ ਸਿੰਘ ਪ੍ਰੀਤ ਨਾਗਰਾ ਦਾ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਦਫ਼ਤਰ ਵਿੱਚ ਸ੍ਰੀ ਅੰਮ੍ਰਿਤਸਰ ਵਿਖੇ ਫ਼ੈਡਰੇਸ਼ਨ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਸਿਰੋਪਾਉ, ਸ਼ੀਲਡਾਂ, ਖ਼ਾਲਸਾ ਫ਼ਤਹਿਨਾਮਾ ਰਸਾਲੇ ਅਤੇ ਤਵਾਰੀਖ਼ ਸ਼ਹੀਦ-ਏ-ਖ਼ਾਲਿਸਤਾਨ ਤੇ ਹੋਂਦ ਦਾ ਨਗਾਰਚੀ ਕਿਤਾਬਾਂ ਭੇਟ ਕਰਦਿਆਂ ਸ਼ਾਨਦਾਰ ਸਨਮਾਨ ਕੀਤਾ ਗਿਆ ਹੈ। ਭਾਈ ਹਰਪ੍ਰੀਤ ਸਿੰਘ ਨਾਗਰਾ ਇਸ ਸਮੇਂ ਪੱਕੀ ਜ਼ਮਾਨਤ ‘ਤੇ ਬਾਹਰ ਆਏ ਹੋਏ ਹਨ ਤੇ ਉਹ ਸ੍ਰੀ ਦਰਬਾਰ ਸਾਹਿਬ ਦਰਸ਼ਨ ਇਸ਼ਨਾਨ ਕਰਨ ਪਹੁੰਚੇ ਸਨ। ਇਸ ਮੌਕੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਬੇਅਦਬੀ ਕਰਨ ਵਾ਼ਲੇ ਦੁਸ਼ਟਾਂ ਨੇ 1 ਜੂਨ 2015 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪਿੰਡ ਬੁਰਜ ਜਵਾਹਰਕੇ ਦੇ ਗੁਰਦੁਆਰਾ ਸਾਹਿਬ ਤੋਂ ਚੋਰੀ ਕਰਕੇ 24 ਸਤੰਬਰ ਦੀ ਰਾਤ ਨੂੰ ਕੰਧਾਂ ਤੇ ਪੋਸਟਰ ਲਾ ਕੇ ਸਿੱਖ ਕੌਮ ਨੂੰ ਵੰਗਾਰਿਆ ਸੀ ਕਿ “ਸਿੱਖੋ ਜੇ ਆਪਣੇ ਗੁਰੂ ਨੂੰ ਬਚਾ ਸਕਦੇ ਹੋ ਤਾਂ ਬਚਾ ਲਵੋ ਤੁਹਾਡਾ ਗੁਰੂ ਸਾਡੇ ਤੋਂ ਹੈ।“ ਪਰ ਬਾਦਲ ਸਰਕਾਰ ਨੇ ਡੇਰਾ ਸਿਰਸਾ ਨਾਲ ਯਾਰੀ ਨਿਭਾਉਂਦਿਆਂ ਦੋਸ਼ੀ ਪ੍ਰੇਮੀਆਂ ‘ਤੇ ਕੋਈ ਕਾਰਵਾਈ ਨਾ ਕੀਤੀ ਤੇ ਫਿਰ ਦੁਸ਼ਟਾਂ ਦੇ ਹੌਂਸਲੇ ਏਨੇ ਵੱਧ ਗਏ ਕਿ ਮਹਿੰਦਰਪਾਲ ਬਿੱਟੂ ਦੀ ਅਗਵਾਈ ਵਿੱਚ ਗੁਰੂ ਸਾਹਿਬ ਦੇ ਪਾਵਨ ਸਰੂਪ ਦੇ ਅੰਗ ਪਾੜ ਕੇ 12 ਅਕਤੂਬਰ ਨੂੰ ਬਰਗਾੜੀ ਅਤੇ ਕੋਟਕਪੂਰਾ ਦੀਆਂ ਗਲੀਆਂ-ਨਾਲੀਆਂ ਵਿੱਚ ਖਿਲਾਰ ਕੇ ਘੋਰ ਬੇਅਦਬੀ ਕਰ ਦਿੱਤੀ ਜੋ ਨਾ ਬਖ਼ਸ਼ਣਯੋਗ ਕਾਰਾ ਸੀ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਭਾਈ ਹਰਪ੍ਰੀਤ ਸਿੰਘ ਪ੍ਰੀਤ ਨਾਗਰਾ, ਭਾਈ ਮਨਿੰਦਰ ਸਿੰਘ ਜ਼ੁੰਮਾ ਅਤੇ ਭਾਈ ਗੁਰਸੇਵਕ ਸਿੰਘ ਭੂਤ ਨੇ ਦੁਸ਼ਟ ਮਹਿੰਦਰਪਾਲ ਬਿੱਟੂ ਨੂੰ ਨਾਭਾ ਜੇਲ੍ਹ ਵਿੱਚ ਰਾਡਾਂ ਸਰੀਏ ਮਾਰ ਕੇ ਬਾਖ਼ੂਬੀ ਸਜ਼ਾ ਦੇ ਕੇ ਧਰਮੀ ਯੋਧਿਆਂ ਵਾਲਾ ਕੰਮ ਕਰਦਿਆਂ ਖ਼ਾਲਸਾਈ ਇਨਸਾਫ਼ ਕੀਤਾ ਹੈ ਤੇ ਇਹਨਾਂ ਯੋਧਿਆਂ ਉੱਤੇ ਖ਼ਾਲਸਾ ਪੰਥ ਨੂੰ ਬੇਹੱਦ ਮਾਣ ਹੈ। ਉਹਨਾਂ ਇਹ ਵੀ ਕਿਹਾ ਕਿ ਇਸ ਕੇਸ ਵਿੱਚ ਨਾਮਜ਼ਦ ਭਾਈ ਲਖਬੀਰ ਸਿੰਘ ਲੱਖਾ ਬਾਬਾ ਅਤੇ ਭਾਈ ਜਸਪ੍ਰੀਤ ਸਿੰਘ ਨਿਹਾਲ ਦੀ ਸੇਵਾ ਨੂੰ ਵੀ ਸਿਜਦਾ ਹੈ। ਉਹਨਾਂ ਕਿਹਾ ਕਿ ਘਵੱਦੀ ਵਿੱਚ ਬੇਅਦਬੀ ਕਰਨ ਵਾਲੀ ਦੁਸ਼ਟ ਔਰਤ ਬਲਵਿੰਦਰ ਨੂੰ ਵੀ ਗੋ਼ਲੀ ਮਾਰ ਕੇ ਸੋਧਣ ਵਾਲੇ ਭਾਈ ਗੁਰਪ੍ਰੀਤ ਸਿੰਘ ਜਾਗੋਵਾਲ ਨੂੰ ਵੀ ਜ਼ਮਾਨਤ ਮਿਲਣੀ ਖ਼ਾਲਸਾ ਪੰਥ ਲਈ ਖ਼ੁਸ਼ੀ ਦੀ ਖ਼ਬਰ ਹੈ। ਇਹਨਾਂ ਯੋਧਿਆਂ ਨੇ ਸ਼ਹੀਦ ਭਾਈ ਮਹਿਤਾਬ ਸਿੰਘ ਮੀਰਾਂਕੋਟ ਤੇ ਸ਼ਹੀਦ ਭਾਈ ਸੁੱਖਾ ਸਿੰਘ ਮਾੜੀ ਕੰਬੋਕੇ ਵਾਂਗ ਸ਼ਾਨਾਮੱਤਾ ਇਤਿਹਾਸ ਸਿਰਜਿਆ ਹੈ, ਦੇਸ਼ ਵਿਦੇਸ਼ ਦੀਆਂ ਸੰਗਤਾਂ ਇਹਨਾਂ ਕੁਰਬਾਨੀ ਵਾਲੇ ਸਿੰਘਾਂ ਦੀ ਆਰਥਿਕ ਮਦਦ ਅਤੇ ਮਾਣ ਸਨਮਾਨ ਕਰਕੇ ਆਪਣਾ ਪੰਥਕ ਫ਼ਰਜ ਜ਼ਰੂਰ ਨਿਭਾਉਣ।

**AujLawZ** **Tax & Accounting Services**
• Reliable • Professional • Confidential
(we provide first couple of month's service free)

*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance

*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India

**Courses Started**
*Income Tax Preparation *Personal&Small business *Accounting Certificate *Pesticide Applicator *LLQP for Life Insurance Career

Contact: Gurbachan Aujla
**604-504-1657, 604-835-3693**
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323

**TMG LOGISTICS INC.**

**Need Owner Operators**

NOW HIRING

*Vancouver to California *California to Alberta Back Vancouver
*Vancouver to East USA Return

*Good Paying Loads*



**Need Company Drivers**
*Single Driver Pay 52cents/mile*
*Team Drivers 32 cents/mile*

FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

## (ਸਫਾ ਬੀ6 ਦੀ ਬਾਕੀ)

ਤਮੱਨਾ ਕੀਤੀ ਪਰ ਸਿੰਘਾਂ ਪਰਵਾਨ ਨਾਂ ਕੀਤਾ ਤੇ ਕਿਹਾ ਕਿ ਤੁਹਾਡੇ ਸਾਫ ਬਚ ਕੇ ਨਿਕਲ ਜਾਣ ਨਾਲ ਇੱਕ ਤਾਂ ਵੈਰੀਆਂ ਦੇ ਦਿਲ ਟੁੱਟਣਗੇ ਤੇ ਦੂਜਾ ਆਪ ਜੀ ਅਨੇਕਾਂ ਸਿੰਘ ਹੋਰ ਪੈਦਾ ਕਰ ਸਕਦੇ ਹੋ। ਇਉਂ ਸਿੰਘਾਂ ਨੇ ਪੰਜਾਂ ਦੇ ਰੂਪ ਵਿੱਚ ਗੁਰੂ ਜੀ ਨੂੰ ਗੜੀ ਚੋਂ ਚਲੇ ਜਾਣ ਦਾ ਹੁਕਮ ਦੇ ਦਿੱਤਾ। ਗੁਰੂ ਜੀ ਹੁਕਮ ਮੰਨ ਤਿਆਰ ਹੋ ਗਏ ਪਰ ਸਿੰਘ ਗੁਰੂ ਜੀ ਨੂੰ ਇਕੱਲਾ ਵੀ ਨਹੀ ਜਾਣ ਦੇਣਾ ਚਾਹੁੰਦੇ ਸਨ। ਸੋ ਪੰਜਾਂ ਚੋਂ ਭਾਈ ਦਇਆ ਸਿੰਘ, ਧਰਮ ਸਿੰਘ ਅਤੇ ਭਾਈ ਮਾਨ ਸਿੰਘ ਨੂੰ ਨਾਲ ਜਾਣ ਲਈ ਤਿਆਰ ਕੀਤਾ ਗਿਆ। ਗੁਰੂ ਜੀ ਸਾਫ ਬਚ ਕੇ ਤਾਂ ਹੀ ਜਾ ਸਕਦੇ ਸਨ ਕਿ ਜੇ ਗੜੀ ਚੋਂ ਰੁੱਕ-੨ ਗੋਲੀ ਚਲਦੀ ਰਹੇ, ਜੈਕਾਰੇ ਛੁੱਟਦੇ ਤੇ ਧੌਂਸੇ ਵਜਦੇ ਰਹਿਣ। ਬਾਕੀ ਸਿੰਘਾਂ ਚੋਂ ਭਾਈ ਸੰਗਤ ਸਿੰਘ ਜੀ ਦੀ ਸ਼ਕਲ-ਸੂਰਤ ਗੁਰੂ ਜੀ ਨਾਲ ਮਿਲਦੀ ਸੀ, ਵੈਰੀ ਨੂੰ ਭੁਲੇਖਾ ਪਾਉਣ ਲਈ ਗੁਰੂ ਨੇ ਆਪਣਾ ਬਾਣਾ ਤੇ ਕਲਗੀ ਤੋੜਾ ਭਾਈ ਸੰਗਤ ਸਿੰਘ ਜੀ ਦੇ ਸੀਸ ਸਜਾ, ਗੜੀ ਦੇ ਚਹੁੰ ਪਾਸਿਓਂ ਭਾਈ ਦਇਆ ਸਿੰਘ, ਧਰਮ ਸਿੰਘ ਤੇ ਭਾਈ ਮਾਨ ਸਿੰਘ ਸਮੇਤ ਤਾੜੀਆਂ ਵਜਾਉਂਦੇ ਤੇ ਇਹ ਨਾਹਰਾ ਲਾਉਂਦੇ ਹੋਏ ਕਿ "ਪੀਰੇ ਹਿੰਦ ਮੇ ਰਵੱਦ" ਭਾਵ ਹਿੰਦ ਦਾ ਪੀਰ ਗੁਰੂ ਜਾ ਰਿਹਾ ਹੈ। ਜਦ ਨਸ਼ੇ ਚ ਘੂਕ ਸੁੱਤੇ ਵੈਰੀਆਂ ਨੇ ਇਹ ਨਾਹਰਾ ਸੁਣਿਆਂ ਤਾਂ ਉਬੜਵਾਹੇ ਉੱਠ, ਹਨੇਰੇ ਵਿੱਚ ਹੀ ਤਲਵਾਰਾਂ ਚਲਾਉਂਦੇ, ਅਲੀ-ਅਲੀ ਕਰਕੇ ਟੁੱਟ ਪਏ ਅਤੇ ਆਪਸ ਵਿੱਚ ਹੀ ਕਟਾ-ਵੱਧ ਕਰੀ ਗਏ ਕਿਉਂਕਿ ਨਸ਼ੇ ਵਿੱਚ ਮਤਿ ਮਾਰੀ ਜਾਂਦੀ ਹੈ ਗੁਰ ਫੁਰਮਾਨ ਹੈ- ਜਿਤੁ ਪੀਤੇ ਮਤਿ ਦੂਰਿ ਹੋਇ ਬਰਲ ਪਵੈ ਵਿਚਿ ਆਇ॥ ਆਪਨਾ ਪਰਾਇਆ ਨਾ ਪਛਾਨਹੀ ਖਸਮੋਂ ਧਕੇ ਖਾਇ (੫੫੪) ਉਧਰ ਗੁਰੂ ਜੀ ਸਿੰਘਾਂ ਨੂੰ ਦੱਸੀ ਤਾਰੇ ਦੀ ਸੇਧ ਮੁਤਾਬਿਕ ਨੰਗੇ ਪੈਰੀਂ ਝਾੜੀਆਂ ਤੇ ਕੰਡਿਆਂ ਚੋਂ ਲੰਘਦੇ ਹੋਏ ਮਾਛੀਵਾੜੇ ਦੇ ਜੰਗਲ ਵਿੱਚ ਜਾ ਪਹੁੰਚੇ, ਏਨੇ ਨੂੰ ਭਾਈ ਦਇਆ ਸਿੰਘ, ਧਰਮ ਸਿੰਘ ਤੇ ਭਾਈ ਮਾਨ ਸਿੰਘ ਵੀ ਪਹੁੰਚ ਗਏ। ਉਨ੍ਹਾਂ ਗੁਰੂ ਜੀ ਦੇ ਪੈਰਾਂ ਚੋਂ ਕੰਢੇ ਕੱਢੇ ਤੇ ਮੁੱਠੀ ਚਾਪੀ ਕੀਤੀ।

ਉਧਰ ਵੈਰੀ ਨੇ ਦਿਨ ਚੜ੍ਹਦੇ ਸਾਰ ਹੀ ਗੜੀ ਤੇ ਧਾਵਾ ਬੋਲ ਦਿੱਤਾ ਤਾਂ ਗੜੀ ਵਿਚਲੇ ਸਿੰਘ ਵੀ ਤਲਵਾਰਾਂ ਸੂਤ ਕੇ ਬਾਹਰ ਆਏ ਅਤੇ ਲੜਦੇ ਹੋਏ ਸ਼ਹੀਦੀਆਂ ਪਾ ਗਏ ਪਰ ਜਿਉਂਦੇ ਜੀ ਵੈਰੀ ਦੇ ਹੱਥ ਨਾ ਆਏ। ਵੈਰੀ ਭਾਈ ਸੰਗਤ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਸਮਝ ਖੁਸ਼ੀਆਂ ਮਨਾਉਂਣ ਲਗੇ। ਉਧਰ ਭਾਈ ਪੰਜਾਬਾ ਤੇ ਗੁਲਾਬਾ ਜੋ ਉੱਘੇ ਮਸੰਦ ਸਨ ਗੁਰੂ ਜੀ ਨੂੰ ਆਪਨੇ ਘਰ ਲੈ ਗਏ। ਭਾਈ ਨਬੀ ਖਾਂ ਤੇ ਗਨੀ ਖਾਂ ਵੀ ਜੋ ਮਾਛੀਵਾੜੇ ਦੇ ਰਹਿੰਣ ਵਾਲੇ ਅਤੇ ਘੋੜਿਆਂ ਦੇ ਵਾਪਾਰੀ ਸਨ ਨੂੰ ਜਦ ਪਤਾ ਲੱਗਾ ਤਾਂ, ਗੁਰੂ ਦੀ ਪਿਆਰ ਖਿੱਚ ਸਦਕਾ ਆ ਮਿਲੇ ਅਤੇ ਕਾਫੀ ਦਿਨ ਗੁਰੂ ਜੀ ਇਥੇ ਰਹੇ। ਆਖਿਰ ਨੀਤੀ ਵਰਤਦੇ ਗੁਰੂ ਜੀ ਉੱਚ ਦੇ ਪੀਰ ਬਣ, ਇੱਕ ਪਲੰਘ ਉੱਤੇ ਬੈਠ, ਭਾਈ ਨਬੀ ਖਾਂ, ਗਨੀ ਖਾਂ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨਾਲ ਮਾਛੀਵਾੜੇ ਤੋਂ ਚੱਲ ਪਏ, ਭਾਈ ਦਇਆ ਸਿੰਘ ਮੋਰ ਦੀ ਚੌਰ ਕਰਦੇ ਗਏ। ਰਸਤੇ ਵਿੱਚ ਸੂਬੇ ਦੇ ਸੂਹੀਏ ਮਿਲੇ, ਪੁਛਿਆ ਇਹ ਕੌਣ ਹਨ? ਪ੍ਰੀਤ ਪਿਆਰਿਆਂ ਕਿਹਾ ਸਾਡੇ ਪੀਰ, ਤਾਂ ਸੂਹੀਆਂ ਦਾ ਸ਼ੱਕ ਦੂਰ ਹੋ ਗਿਆ। ਵੈਸੇ ਵੀ ਭਾਈ ਨਬੀ ਖਾਂ ਤੇ ਗਨੀ ਖਾਂ ਦਾ ਉੱਘੇ ਵਾਪਾਰੀ ਹੋਣ ਕਰਕੇ, ਲੋਕ ਬੜਾ ਮਾਨ ਤਾਨ ਕਰਦੇ ਸਨ। ਇਉਂ ਗੁਰੂ ਜੀ ਕਈ ਪਿੰਡਾਂ ਚੋਂ ਲੰਘਦੇ ਹੋਏ ਆਲਮਗੀਰ ਪਹੁੰਚੇ, ਇਥੇ ਭਾਈ ਮਨੀ ਸਿੰਘ ਦਾ ਵੱਡਾ ਭਾਈ ਨਿਗਾਈਆ ਸਿੰਘ ਆਪਣੇ ਪੁੱਤਰ ਸਮੇਤ ਮਿਲਿਆ। ਦੋਵੇਂ ਪਿਉ-ਪੁੱਤਰ ਵੀ ਘੋੜਿਆਂ ਦੇ ਵਾਪਾਰੀ ਸਨ ਨੇ ਸਤਿਗੁਰਾਂ ਨੂੰ ਇੱਕ ਵਧੀਆ ਘੋੜਾ ਭੇਟ ਕੀਤਾ। ਗੁਰੂ ਜੀ ਹੁਣ ਘੋੜ ਸਵਾਰ ਹੋ ਗਏ ਅਤੇ ਭਾਈ ਨਬੀ ਖਾਂ ਤੇ ਭਾਈ ਗਨੀ ਖਾਂ ਨੂੰ ਵਡਮੁਲੀ ਸੇਵਾ ਲਈ, ਇੱਕ ਯਾਦਗਾਰ ਪੱਤਰ ਦੇ, ਬੜੇ ਸਤਿਕਾਰ ਨਾਲ ਵਿਦਾ ਕੀਤਾ। ਹੁਣ ਗੁਰੂ ਜੀ ਪਿੰਡ ਹੇਹਰੀਂ ਪਹੁੰਚ ਗਏ, ਇਥੇ ਮਹੰਤ ਕ੍ਰਿਪਾਲ ਦਾਸ ਦਾ ਡੇਰਾ ਸੀ ਜਿਸ ਨੇ ਭੰਗਾਣੀ ਦੇ ਯੁੱਧ ਵਿੱਚ, ਆਪਣੇ ਕੁਤਕੇ ਨਾਲ ਵੈਰੀਆਂ ਦੇ ਸਿਰ ਫੇਹੇ ਸਨ, ਦੇ ਚੇਲੇ ਨੇ ਭੜੀ ਆਓ ਭਗਤ ਕੀਤੀ। ਪਰ ਜਦ ਪਤਾ ਲੱਗਾ, ਕਿ ਹਕੂਮਤ ਬਾਗੀ ਗੁਰੂ ਨੂੰ ਪਨਾਹ ਦੇਣ ਵਾਲਿਆਂ ਨੂੰ ਭਾਰੀ ਸਜਾਵਾਂ ਦੇ ਰਹੀ ਹੈ ਤਾਂ ਉਸਨੇ ਗੁਰੂ ਜੀ ਨੂੰ ਜਲਦੀ ਵਿਦਾ ਕਰ ਦਿੱਤਾ। ਇਸ ਤੋਂ ੮ ਮੀਲ ਅੱਗੇ ਸੀਲੋਆਣੀ ਪਹੁੰਚੇ, ਉੱਥੇ ਰਾਇ ਕੋਟ ਦਾ ਚੌਧਰੀ ਰਾਇ ਕੱਲਾ ਆਇਆ ਹੋਇਆ ਸੀ, ਉਸ ਨੇ ਪੀਰ ਸਮਝ ਆਦਰ ਮਾਨ ਦਿੱਤਾ। ਜਦ ਉਸ ਨੂੰ ਮੁਗਲ ਹਕੂਮਤ ਦੀ ਬਦਨੀਤ ਅਤੇ ਜ਼ੁਲਮਾਂ ਦਾ ਪਤਾ ਲੱਗਾ ਤਾਂ ਬੜਾ ਅਫਸੋਸ ਕਰ ਲੋੜੀਂਦੀ ਸੇਵਾ ਲਈ ਆਪਣੇ-ਆਪ ਨੂੰ ਪੇਸ਼ ਕੀਤਾ। ਇਥੋਂ ਹੀ ਰਾਇ ਕੱਲੇ ਨੇ ਇੱਕ ਚੌਧਰੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਲੈਣ ਲਈ ਭੇਜਿਆ, ਜਿਸ ਦਾ ਨਾਂ "ਮਾਹੀ" ਸੀ। ਇਥੋਂ ਸਰਹੰਦ ੨੫ ਕੁ ਮੀਲ ਤੇ ਹੈ। ਮਾਹੀ ਅਗਲੇ ਦਿਨ ਹੀ ਸਾਹਿਬਜ਼ਾਦਿਆਂ ਦੀ ਖਬਰ ਲੈ ਆਇਆ ਕਿ ਕਿ ਲੂਣ ਹਰਾਮੀ ਗੰਗੂ ਬਾਮਣ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਮੁੱਖਬਰੀ ਕਰਕੇ ਫੜਾੜਿਆ ਫਿਰ ਪਾਪੀ ਅਤੇ ਕੌਮ ਧਰੋਹੀ ਸੁੱਚਾ ਨੰਦ ਦੇ ਇਹ ਕਹਿਣ 'ਤੇ ਕਿ ਇਹ ਸਪੋਲੀਏ ਨੇ ਸੱਪ ਦੇ ਬੱਚੇ ਮਾਰ ਦੇਣੇ ਹੀ ਮੁਨਸਬ ਹਨ ਪਰ ਕਾਜੀ ਨੇ ਕਿਹਾ, ਜਨਾਬ ਕੁਰਾਨਿ ਪਾਕ ਮਸੂਮਾਂ ਤੇ ਜੁਲਮ ਦੀ ਇਜ਼ਾਜਤ ਨਹੀਂ ਦਿੰਦਾ। ਮਲੇਰ ਕੋਟਲੇ ਦਾ ਨਵਾਬ ਸ਼ੇਰ ਖਾ ਵੀ ਹਾਅ ਦਾ ਨਾਹਰਾ ਮਾਰਦਾ ਸੂਬੇ ਦੀ ਕਚਿਹਰੀ ਚੋਂ ਵਾਕ ਆਊਟ ਕਰ ਗਿਆ ਤਾਂ ਸੂਬੇ ਨੇ ਸ਼ਾਹੀ ਕਾਜ਼ੀ ਤੋਂ ਫਤਵਾ ਲੈ, ਮਸੂਮ ਜਿੰਦਾ ਨੂੰ ਬੜੀ ਬੇ ਦਰਦੀ ਨਾਲ ਦੀਵਾਰ ਵਿੱਚ ਚਿਣ ਅਤੇ ਮਾਤਾ ਗੁਜਰੀ ਜੀ ਨੂੰ ਵੀ ਠੰਡੇ ਬੁਰਜ ਵਿੱਚ ਸ਼ਹੀਦ ਕਰ ਦਿੱਤਾ। ਜਿਸ ਬੁਰਜ ਦਾ ਨਾਮੋਂ ਨਿਸ਼ਾਨ ਅੱਜ ਦੇ ਕਾਰ ਸੇਵਾ ਵਾਲੇ ਭੇਖੀ ਸਾਧਾਂ ਨੇ ਮਿਟਾ ਦਿੱਤਾ ਹੈ।

ਇਹ ਸੁਣ ਗੁਰੂ ਜੀ ਬੋਲੇ ਜਦੋਂ ਕੋਈ ਜ਼ਾਬਰ ਹਕੂਮਤ ਇਤਨੀ ਗਿਰਾਵਟ ਤੱਕ ਆ ਜਾਵੇ ਤਾਂ ਉਸ ਦਾ ਅੰਤ ਨੇੜੇ ਹੁੰਦਾ ਹੈ। ਗੁਰੂ ਜੀ ਨੇ ਤੀਰ ਦੀ ਨੋਕ ਨਾਲ, ਕਾਹੀ ਦਾ ਬੂਟਾ ਜੜੋਂ ਪੁੱਟਦਿਆਂ ਕਿਹਾ ਕਿ ਹੁਣ ਜ਼ਾਲਮ ਮੁਗਲ ਹਕੂਮਤ ਦੀਆਂ ਜੜਾਂ ਪੁੱਟੀਆਂ ਗਈਆਂ! ਚੌਧਰੀ ਰਾਇ ਕੱਲੇ ਨੇ ਵਿਦਾਇਗੀ ਸਮੇਂ ਵਧੀਆ ਘੋੜੇ ਤੇ ਸ਼ਸਤਰ ਭੇਟ ਕੀਤੇ। ਗੁਰੂ ਜੀ ਨੇ ਪਿਆਰ ਭਰੀ ਯਾਦਗਰ ਵਜੋਂ ਗਾਤਰੇ ਦੀ ਕ੍ਰਿਪਾਨ ਭਾਈ ਰਾਏ ਕੱਲੇ ਨੂੰ ਦਿੱਤੀ। ਅੱਗੇ ਸਤਿਗੁਰੂ ਜੀ ਦੀਨੇ ਪਹੁੰਚ ਗਏ, ਇੱਥੇ ਰਾਏ ਜੋਧ ਦੇ ਪੋਤਰੇ ਚੌਧਰੀ ਲਖਮੀਰ-ਸ਼ਮੀਰ ਤੇ ਤਖਤ ਮੱਲ ਬੇਨਤੀ ਕਰਕੇ ਘਰ ਲੈ ਗਏ। ਇਥੇ ਹੀ ਭਾਈ ਰੂਪ ਚੰਦ ਦੇ ਪੋਤਰੇ ਧਰਮ ਸਿੰਘ ਤੇ ਪਰਮ ਸਿੰਘ ਵੀ ਹਾਜ਼ਰ ਹੋਏ। ਜਿਉਂ-੨ ਮਾਲਵੇ ਦੇ ਪਿੰਡਾਂ ਵਿੱਚ ਖਬਰ ਖਿਲਰਦੀ ਗਈ ਅਤੇ ਹਜਾਰਾਂ ਸਿੰਘ ਦਰਸ਼ਨਾਂ ਨੂੰ ਆਉਣ ਲੱਗ ਪਏ। ਉਧਰ ਚਮਕੌਰ ਦੀ ਗੜੀ ਦੁਆਲੇ ਇਕੱਠਾ ਹੋਇਆ ਵੈਰੀ ਤੇ ਮੁਲਖਈਆ ਇਹ ਖਬਰ ਸੁਣ ਕੇ ਚਾਲੇ ਪਾ ਗਿਆ ਸੀ ਕਿ ਗੁਰੂ ਜੀ ਗੜੀ ਵਿੱਚ ਮਾਰੇ ਗਏ ਤੇ ਕੋਈ ਉਥੇ ਜਿੰਦਾ ਨਹੀਂ ਬਚਿਆ, ਇਹ ਖਬਰ ਅੱਗੇ ਮੁਲਖਈਏ ਨੇ ਸਭ ਪਾਸੇ ਫੈਲਾ ਦਿੱਤੀ ਸੀ। ਗੁਰੂ ਜੀ ਦੀਨੇ ਤੱਕ ਅਜੇ ਪੀਰ ਦੇ ਲਿਬਾਸ ਵਿੱਚ ਹੀ ਸਨ ਵਿਰਲਿਆਂ ਨੂੰ ਹੀ ਅਸਲੀਅਤ ਦਾ ਪਤਾ ਸੀ। ਇਥੋਂ ਹੀ ਗੁਰੂ ਜੀ ਨੇ ਜ਼ਾਲਮ ਬਾਦਸ਼ਾਹ ਔਰੰਗਜ਼ੇਬ ਨੂੰ ਫਤਿਹ ਦੀ ਚਿੱਠੀ (ਜ਼ਫਰਨਾਮਾ) ਲਿਖਿਆ ਜਿਸ ਵਿੱਚ ਹਿੰਦੂ ਪਹਾੜੀ ਰਾਜਿਆਂ ਤੇ ਔਰੰਜ਼ੇਬ ਦੇ ਜਰਨੈਲਾਂ ਦੀਆਂ ਸਾਰੀਆਂ ਕਾਲੀਆਂ ਕਰਤੂਤਾਂ ਦਾ ਜ਼ਿਕਰ ਕੀਤਾ। ਔਰੰਗਜ਼ੇਬ ਨੂੰ ਜਣਾਇਓ ਨੇ ਕਿ ਤੇਰੀ ਤੇ ਤੇਰੇ ਹਾਕਮਾਂ ਦੀ ਇਹ ਨੀਚਤਾ ਤੇਰੀ ਹਕੂਮਤ ਦੀ ਬੇੜੀ ਹੁਣ ਖਾਰੇ ਸਮੁੰਦਰ ਵਿੱਚ ਡੋਬ ਕੇ ਹੀ ਰਹੇਗੀ। ਇਹ ਚਿੱਠੀ ਭਾਈ ਦਇਆ ਸਿੰਘ ਸਮੇਤ ਚਾਰ ਸਿੰਘਾਂ ਨੂੰ ਦੇ, ਔਰੰਗੇ ਪਾਸ ਪਹੁੰਚਾਈ। ਇਧਰ ਸੂਬੇ ਸਰਹੰਦ ਨੂੰ ਜਦ ਇਹ ਖਬਰ ਮਿਲੀ ਤਾਂ ਉਸ ਦੀ ਛਾਤੀ ਤੇ ਸੱਪ ਲੇਟ ਗਿਆ। ਉਧਰੋਂ ਔਰੰਗਜ਼ੇਬ ਦੀਆਂ ਝਿੜਕਾਂ ਨੇ, ਗੁਰੂ ਜੀ ਵਿਰੁੱਧ ਹੋਰ ਈਰਖਾ-ਵੈਰ ਦੇ ਭਾਂਬੜ ਮਚਾ ਦਿੱਤੇ। ਸੂਬੇ ਨੇ ਚੌਧਰੀ ਲਖਮੀਰ ਨੂੰ ਬੜੀ ਤਾੜਨਾ ਭਰੀ ਚਿੱਠੀ ਲਿਖੀ ਕਿ ਮੁਗਲ ਹਕੂਮਤ ਦੇ ਬਾਗੀ ਗੁਰੂ ਨੂੰ ਮੇਰੇ ਹਵਾਲੇ ਕਰੋ, ਨਹੀਂ ਤਾਂ ਤੁਹਾਡਾ ਵੀ ਓਹੀ ਹਾਲ ਹੋਵੇਗਾ, ਜੋ ਗੁਰੂ ਦਾ ਹੋਇਆ ਹੈ। ਅੱਗੋਂ ਚੌਧਰੀ ਲਖਮੀਰ ਨੇ ਬੜੇ ਠਰੱਮੇ ਨਾਲ ਉੱਤਰ ਭੇਜਿਆ, ਜਿਵੇਂ ਤੁਸੀਂ ਆਪਣੇ ਪੀਰਾਂ ਦੀ ਖਿਦਮਤ ਕਰਦੇ ਹੋ, ਤਿਵੇਂ ਅਸੀਂ ਵੀ ਆਪਣੇ ਦਿਲ ਦੇ ਪਾਤਸ਼ਾਹ ਗੁਰੂ ਦੀ ਸੇਵਾ ਕਰ ਰਹੇ ਹਾਂ ਜਿਸ ਨੇ ਕਦੇ ਕਿਸੇ ਗੁਆਂਢੀ ਤੇ ਹਮਲਾ ਕਰਕੇ, ਚੱਪਾ ਜ਼ਮੀਨ ਨਹੀਂ ਸਾਂਭੀ। ਦੂਜਿਆਂ ਦੀ ਖਾਤਿਰ ਦੁੱਖ ਸਹਾਰਨੇ, ਗੁਰੂ ਵਾਂਗ ਕੁਰਬਾਨੀ ਕਿਸੇ ਭਾਗਾਂ ਵਾਲੇ ਨੂੰ ਹੀ ਨਸੀਬ ਹੁੰਦੀ ਹੈ। ਇਉਂ ਚੌਧਰੀ ਲਖਮੀਰ ਨੇ ਵੀ ਇੱਕ ਆਦਮੀ ਚਿੱਠੀ ਦੇ ਕੇ ਸਰਹੰਦ ਭੇਜਿਆ ਅਤੇ ਛੇਤੀ ਖਬਰ ਦੇਣ ਲਈ ਕਿਹਾ। ਚੌਧਰੀ ਲਖਮੀਰ ਵਲੋਂ, ਕੋਰਾ ਜਵਾਬ ਮਿਲਣ ਤੇ, ਸੂਬੇ ਨੇ ਹਸਨ ਖਾਂ ਫੌਜਦਾਰ ਨੂੰ, ਗੁਰੂ ਤੇ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ। ਇਹ ਖਬਰ ਸਰਹੰਦ ਵਿੱਚ ਖਿਲਰੀ ਅਤੇ ਸਰਹੰਦੋਂ ਅੱਗੇ ਦੁਆਬੇ ਤੇ ਮਾਝੇ ਵਿੱਚ ਵੀ ਪਿੰਡ-੨ ਸਿੱਖਾਂ ਵਿੱਚ ਫੈਲ ਗਈ ਤਾਂ ਚੌਧਰੀ ਲਖਮੀਰ ਨੇ ਸਤਿਗੁਰੂ ਜੀ ਨੂੰ ਵੀ ਦੀਨੇ ਪਿੰਡ ਖਬਰ ਦੇ ਦਿੱਤੀ। ਓਧਰ ਹਾੜੀ ਦੀ ਫਸਲ ਦੇ ਦਿਨ ਨੇੜੇ ਆ ਗਏ, ਕਿਸਾਨ ਫਸਲਾਂ ਸਾਂਭਣ ਵਿੱਚ ਰੁੱਝੇ ਹੋਏ ਸਨ, ਜਿੰਨ੍ਹਾਂ ਦੀ ਖਾਤਰ ਗੁਰੂ ਜੀ ਸਭ ਕੁਝ ਕੁਰਬਾਨ ਕਰ ਰਹੇ ਸਨ। ਹੁਣ ਗੁਰੂ ਜੀ ਨੇ ਮਾਲਵੇ ਦੇ ਪਿੰਡਾਂ ਦਾ ਤੁਫਾਨੀ ਦੌਰਾ ਕੀਤਾ। ਅਨੇਕਾਂ ਨਵੇਂ ਗੱਭਰੂ ਸਿੰਘ ਸਜ, ਵਜੀਰ ਖਾਂ ਦੀ ਵਧੀਕੀ ਦਾ ਟਾਕਰਾਂ ਕਰਨ ਲਈ ਤਿਆਰ ਹੋ ਗਏ। ਦੀਨੇ ਕਾਂਗੜੇ ਦਾ ਇਲਾਕਾ ਯੁੱਧ ਪੱਖੋਂ ਠੀਕ ਨਾਂ ਜਾਪਿਆ ਤਾਂ ਗੁਰੂ ਜੀ ਭਦੌੜ, ਭਗਤਾ, ਜੈਤੋ, ਮਲੂਕੇ ਦਾ ਕੋਟ ਆਦਿਕ ਪਿੰਡਾਂ ਚੋਂ ਲੰਘਦੇ ਹੋਏ, ਕੋਟ ਕਪੂਰੇ ਪਹੁੰਚੇ। ਦੋ ਤਿੰਨ ਦਿਨ ਠਹਿਰੇ ਇਤਨੇ ਤੱਕ ਗੁਰੂ ਜੀ ਨਾਲ ਸੈਂਕੜੇ ਸਿੰਘ ਇਕੱਠੇ ਹੋ ਗਏ। ਫਿਰ ਗੁਰੂ ਜੀ ਪਿੰਡ ਢਿੱਕਵੀਂ ਪਹੁੰਚੇ ਜਿੱਥੇ ਪ੍ਰਿਥੀ ਚੰਦ ਦੀ ਕੁਲ ਚੋਂ ਸੋਢੀ ਕੌਲ ਰਹਿੰਦਾ ਸੀ। ਇਥੇ ਗੁਰੂ ਜੀ ਨੇ ਪੀਰਾਂ ਵਾਲਾ ਨੀਲਾ ਬਾਣਾ ਉਤਾਰ ਦਿੱਤਾ। ਇੱਥੇ ਇੱਕ ਸਿੰਘ ਸਰਹੰਦ ਤੋਂ ਖਬਰ ਲੈ ਆਇਆ ਕਿ ਸੂਬਾ ੭-੮ ਹਜ਼ਾਰ ਦੀ ਫੌਜ ਲੈ ਆ ਰਿਹਾ ਹੈ। ਸਰਦਾਰ ਕਪੂਰਾ (ਬਰਾੜ ਜੱਟ) ਵੀ ਓਥੇ ਸੀ ਨੇ ਸਲਾਹ ਦਿੱਤੀ ਕਿ ਵੈਰੀ ਦਾ ਮੂੰਹ ਭੰਨਣ ਲਈ ਇਸ ਇਲਾਕੇ ਵਿੱਚ ਖਿਦਰਾਣੇ ਦੀ ਢਾਬ, ਸਭ ਤੋਂ ਸੁਰੱਖਿਆਤ ਥਾਂ ਹੈ। ਸਿਰਫ ਓਥੇ ਹੀ ਪਾਣੀ ਹੈ, ਹੋਰ ਆਲੇ ਦੁਆਲੇ ਕੋਹਾਂ ਤੱਕ ਪਾਣੀ ਦਾ ਨਾਮੋ ਨਿਸ਼ਾਨ ਵੀ ਨਹੀਂ। ਇਸ ਲਈ ਗੁਰੂ ਜੀ ਪੂਰੇ ਵਹੀਰ ਸਮੇਤ ਓਧਰ ਨੂੰ ਚੱਲ ਪਏ।

ਵਿਛੜੇ ਮੁੜ ਮਿਲੇ-ਜਿਹੜੇ ਸਿੰਘ ਸਰਸਾ ਨਦੀ ਦੇ ਰੋੜ੍ਹ ਕਾਰਨ ਵਿਛੜ ਗਏ ਅਤੇ ਕਿਹਾ ਜਾਂਦਾ ਹੈ ਕਿ ਇਹ ਗੁਰੂ ਨੂੰ ਬੇਦਾਵਾ ਦੇ ਕੇ ਆ ਗਏ ਸਨ, ਇਹ ਸਰਾਸਰ ਇਤਿਹਾਸ ਤੇ ਗੁਰਮਤਿ ਸਿਧਾਂਤ ਵਿਰੋਧੀ ਹੈ ਅਤੇ ਕਿਸੇ ਪੰਥ ਦੋਖੀ ਦੀ ਜੋੜੀ ਕਹਾਣੀ ਹੈ। ਦੇਖੋ ਆਪਣੀਆਂ ਜਾਨਾਂ ਤਲੀ ਤੇ ਰੱਖ ਗੁਰੂ ਜੀ ਦੇ ਹਜ਼ੂਰੀ ਸਿੱਖ, ਘੇਰੇ ਪਏ ਸਮੇ ਗੁਰੂ ਦਾ ਸਾਥ ਕਦੀ ਵੀ ਨਹੀਂ ਛੱਡ ਸਕਦੇ, ਉਨ੍ਹਾਂ ਨੂੰ ਤਾਂ ਰਸਤੇ ਵਿੱਚ ਹੀ ਵੈਰੀਆਂ ਨੇ ਮਾਰ ਮੁਕਾਉਣਾ ਸੀ। ਜਿਹੜਾ ਵੈਰੀ ਟੁੱਟੇ ਛਿੱਤਰਾਂ ਤੇ ਫਟੇ ਪੁਰਾਣੇ ਕਪੜਿਆਂ ਦੀਆਂ ਗੱਠਾਂ ਤੇ ਹੀ ਟੁੱਟ ਕੇ ਪੈ ਗਿਆ ਸੀ, ਉਹ ਗੁਰੂ ਦੇ ਸਾਥੀ ਸਿੱਖਾਂ ਨੂੰ ਕਿਵੇਂ ਜਾਣ ਦੇ ਸਕਦਾ ਸੀ? ਫਿਰ ਭਾਈ ਮਹਾਂ ਸਿੰਘ ਵਰਗੇ ਬਹਾਦਰ ਜਰਨੈਲ ਜਿਨ੍ਹਾਂ ਦਾ ਸਾਰਾ ਪਰਵਾਰ ਹੀ ਸ਼ਹੀਦਾਂ ਨਾਲ ਸਬੰਧ ਰੱਖਦਾ ਹੈ ਗੁਰੂ ਨਾਲ ਬੇਵਫਾਈ ਕਿਵੇਂ ਕਰ ਸਕਦੇ ਸਨ? ਹਾਂ ਦੁਨੀ ਚੰਦ ਵਰਗੇ ਮਸੰਦ ਜਰੂਰ ਸਾਥ ਛੱਡ ਗਏ ਜੋ ਪਹਿਲਾਂ ਹੀ ਗੁਰੂ ਤੋਂ ਔਖੇ ਸਨ। ਪਰ ਸੂਰਮਿਆਂ ਵਾਸਤੇ ਗੁਰਮਤਿ ਸਿਧਾਂਤ ਹੈ-ਸੂਰਾ ਸੋ ਪਹਿਚਾਨੀਐਂ ਜੁ ਲਰੈ ਦੀਨ ਕੇ ਹੇਤੁ॥ ਪੁਰਜਾ ਪੁਰਜਾ ਕਟਿ ਮਰੈ ਕਬਹੂੰ ਨ ਛਾਡੇ ਖੇਤੁ॥ (੧੧੦੫)

ਸਰਸਾ ਦੇ ਬਰਸਾਤੀ ਰੋੜ੍ਹ ਨੇ ਗੁਰੂ ਦੇ ਸਾਰੇ ਸਿੰਘ ਪਰਵਾਰ ਨੂੰ ਵਿਛੋੜ ਦਿੱਤਾ। ਜਦ ਵਿਛੜੇ ਘਰੀਂ ਪਹੁੰਚੇ ਤਾਂ ਅੱਗੋਂ ਘਰਵਾਲੀਆਂ ਨੇ ਲਾਹਨਤਾਂ ਪਾਈਆਂ ਕਿ ਤੁਸੀਂ ਚੱਪਣੀਆਂ ਚ' ਨੱਕ ਡੋਬ ਕੇ ਕਿਉਂ ਨਾਂ ਮਰ ਗਏ? ਔਖੇ ਵੇਲੇ ਗੁਰੂ ਦਾ ਸਾਥ ਛੱਡ ਆਏ ਹੋ? ਲੈ ਆਹ ਫੜੋ ਚਕਲੇ-ਵੇਲਣੇ ਅਤੇ ਪੱਗਾਂ ਦੀ ਥਾਂ ਚੁੰਨੀਆਂ ਪਹਿਨ ਲਵੋ "ਪੱਗਾਂ ਪਾੜ ਕੇ ਸਿਰਾਂ ਤੇ ਲਓ ਲੀੜੇ, ਕਾਲਖ ਤਵੇ ਦੀ ਮੱਥੇ ਨੂੰ ਲਾ ਲਵੋ ਖਾਂ" ਸਿੰਘਾਂ ਨੇ ਜਦ ਵਿਛੋੜੇ ਦਾ ਕਾਰਣ ਦੱਸਿਆ ਕਿ ਕਿਵੇਂ ਸਰਸਾ ਨਦੀ ਦੇ ਰੋੜ੍ਹ ਚ' ਵਹਿੰਦੇ ਹੀ ਗੁਰੂ ਤੋਂ ਵਿਛੜ ਗਏ ਸਾਂ, ਹਨੇਰੇ ਵਿੱਚ ਜਿਧਰ ਨੂੰ ਰਾਹ ਮਿਲਿਆ ਉਧਰ ਨੂੰ ਚਲੇ ਗਏ ਤਾਂ ਕਿਤੇ ਜਾ ਕੇ ਸਿੰਘਣੀਆਂ ਦਾ ਗੁੱਸਾ ਠੰਡਾ ਹੋਇਆ। ਓਧਰੋਂ ਵੱਡੇ ਸਾਹਿਬਜ਼ਾਦੇ ਚਮਕੌਰ ਵਿੱਚ ਵੈਰੀ ਦਲਾਂ ਨਾਲ ਝੂਜਦੇ ਸ਼ਹੀਦ ਹੋ ਗਏ ਤੇ ਹੋਰ ਅਨੇਕਾਂ ਅਕੀਦਤਮੰਦ ਸਿੰਘ ਵੈਰੀ ਨੂੰ ਚਨੇ ਚਬਾਉਂਦੇ ਵੀ ਸ਼ਹੀਦੀ ਜਾਮ ਪੀ ਗਏ। ਛੋਟੇ ਸਾਹਿਬਜ਼ਾਦਿਆਂ ਨੂੰ ਬੜੀ ਬੇਦਰਦੀ ਨਾਲ ਸਰਹੰਦ ਦੀ ਖੂਨੀ ਦਿਵਾਰ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਸੁਣ ਕੇ ਮਾਈ ਭਾਗ ਕੌਰ ਤੇ ਭਾਈ ਮਹਾਂ ਸਿੰਘ ਜਥੇਦਾਰ ਨੇ ਗੁਰੂ ਵਾਸਤੇ ਮਾਝੇ ਇਲਾਕੇ ਵਿੱਚ ਪੱਲੂ ਫੇਰ ਦਿੱਤਾ। ਬੜੇ ਜੋਸ਼ ਨਾਲ ਮਾਝੇ ਅਤੇ ਫਿਰ ਦੁਆਬੇ ਦੇ ਸਿੰਘ ਸਿੰਘਣੀਆਂ ਮਾਈ ਭਾਈ ਹੋਰ ਪਿੰਡੋ-ਪਿੰਡੀ ਜ਼ਾਲਮ ਹਕੂਮਤ ਦੀਆਂ ਕਾਲੀਆਂ ਕਰਤੂਤਾਂ ਲੋਕਾਂ ਨੂੰ ਦਸਦੇ ਹੋਏ, ਵਹੀਰ ਦੇ ਰੂਪ ਵਿੱਚ ਮਾਈ ਭਾਗ ਕੌਰ ਤੇ ਜਥੇਦਾਰ ਭਾਈ ਮਹਾਂ ਸਿੰਘ ਦੀ ਅਗਵਾਈ ਵਿੱਚ ਇਕੱਤਰ ਹੋ ਗੁਰੂ ਜੀ ਵੱਲ ਮਾਲਵੇ ਨੂੰ ਚੱਲ ਪਏ ਅਤੇ ਪਿੰਡ ਰਾਮੇਆਣੇ ਦੇ ਨੇੜੇ ਗੁਰੂ ਜੀ ਕੋਲ ਆਣ ਪਹੁੰਚੇ। ਓਥੋਂ ਖਿਦਰਾਣੇ ਦੀ ਢਾਬ ੬ ਕੋਹਾਂ ਤੇ ਸੀ ਅਤੇ ਮਜਬੂਰੀ ਵਿੱਚ ਹੋਈ ਬੇਵਫਾਈ ਦੀ ਗੁਰੂ ਪਾਸੋਂ ਖਿੰਮਾਂ ਮੰਗੀ-ਜੈਸਾ ਬਾਲਕੁ ਭਾਇ ਸੁਭਾਈ ਲਖਿ ਅਪਰਾਧ ਕਮਾਵੈ॥ ਕਰਿ ਉਪਦੇਸ ਝਿੜਕੇ ਬਹੁ ਭਾਂਤੀ ਬਹੁਰ ਪਿਤਾ ਗਲਿ ਲਾਵੈ॥ (੬੨੪) ਲੱਖੀ ਜੰਗਲ ਵਿੱਚ ਭਾਰੀ ਇਕੱਠ ਹੋਇਆ, ਕਈ ਪੁਰਾਣੇ ਵਿਛੜੇ ਕਵੀ ਵੀ ਆ ਮਿਲੇ- ਲੱਖੀ ਜੰਗਲ ਖਾਲਸਾ ਆਇ ਦਿਦਾਰ ਕੀਤੋ ਨੇ॥ ਸਰਦਾਰ ਕਪੂਰੇ ਜੱਟ ਨਾਲ ਸਲਾਹ ਮਸ਼ਵਰਾ ਕਰਕੇ ਖਿਰਾਣੇ ਦੀ ਢਾਬ ਤੇ ਮੋਰਚਾਬੰਦੀ ਕੀਤੀ ਗਈ। ਗੁਰੂ ਜੀ ਆਪ ਟਿੱਬੀ ਤੇ ਚੜ੍ਹ ਗਏ, ਆਲੇ ਦੁਆਲੇ ਜੰਗਲ ਅਤੇ ਝਾੜੀਆਂ ਹੀ ਸਨ, ਸਿੰਘਾਂ ਨੇ ਉਨ੍ਹਾਂ ਤੇ ਚਾਦਰਾਂ ਪਾ ਦਿੱਤੀਆਂ, ਜੋ ਵੇਖਣ ਨੂੰ ਤੰਬੂ ਲਗਦੇ ਸਨ। ਵੈਸਾਖ ਦੀ ੨੦-੨੧ ਤਾਰੀਖ ਸੀ ਓਧਰੋਂ ਵੈਰੀ ਦਲ ਨੇ ਆ ਹੱਲਾ ਬੋਲਿਆ, ਸਿੰਘਾਂ ਨੇ ਵੀ ਜੈਕਾਰੇ ਬੁਲਾਉਂਦੇ ਹੋਏ, ਤਲਵਾਰਾਂ ਸੂਤ ਲਈਆਂ ਬੜੇ ਘਮਸਾਣ ਦਾ ਜੁੱਧ ਹੋਇਆ। ਗੁਰੂ ਜੀ ਤੋਂ ਵਿਛੜੇ ਸਿੰਘ ਆ ਕੇ ਜ਼ਖਮੀ ਸ਼ੇਰਾਂ ਦੀ ਤਰਾਂ ਵੈਰੀਆਂ ਤੇ ਟੁੱਟ ਪਏ। ਗਾਜਰ ਮੂਲੀਆਂ ਦੀ ਤਰਾਂ ਸਿੰਘਾਂ ਨੇ ਵਜ਼ੀਰ ਖਾਂ ਦੀਆਂ ਪਾਮਰ ਤੇ ਪਾਪੀ ਫੌਜਾਂ ਨੂੰ ਵੱਢਣਾ ਸ਼ੁਰੂ ਕਰ ਦਿੱਤਾ ਓਧਰੋਂ ਗੁਰੂ ਜੀ ਵੀ ਟਿੱਲੇ ਤੋਂ ਤੀਰਾਂ ਦੀ ਵਰਖਾ ਕਰ ਰਹੇ ਸਨ। ਟਿੱਡੀ ਦਲ ਦਾ ਮੁਕਾਬਲਾ ਕਰਦੇ, ਭਾਰੀ ਗਿਣਤੀ ਵਿੱਚ ਦੁਸ਼ਮਣਾਂ ਦੇ ਆਹੂ ਲੌਂਦੇ ਬਹੁਤ ਸਾਰੇ ਸਿੰਘ ਵੀ ਸ਼ਹੀਦ ਹੋ ਗਏ। ਸੂਬਾ ਸਰਹੰਦ ਆਪਣੀ ਫੌਜ ਦਾ ਭਾਰੀ ਨੁਕਸਾਨ ਕਰਵਾ, ਪਾਣੀ ਨੂੰ ਵਿਲਕਦੇ ਅਤੇ ਜਾਨਾਂ ਬਚਾਉਂਦੇ ਹੋਏ ਫੌਜੀਆਂ ਸਮੇਤ ਸਰਦਾਰ ਕਪੂਰੇ ਦੀ ਸਲਾਹ ਦੇਣ ਤੇ ਕਿ ਇੱਥੇ ਨੇੜੇ ਦਸ ਕੋਹਾਂ ਤੱਕ ਪਾਣੀ ਦੀ ਬੂੰਦ ਵੀ ਨਹੀਂ ਤਾਂ ਘਬਰਾਇਆ ਹੋਇਆ ਪਿਛੇ ਮੁੜ ਗਿਆ। ਉਸ ਦੇ ਆਪਣੇ ਫੌਜੀ ਵੀ ਕਹਿਣ ਲੱਗ ਪਏ ਕਿ ਜਿਹੜਾ ਗੁਰੂ ☞








# ਸੰਸਾਰ ‘ਚ ਕਿਸ ਦੇਸ਼ ਦਾ ਪਾਸਪੋਰਟ ਸਭ ਤੋਂ ‘ਸ਼ਕਤੀਸ਼ਾਲੀ’

ਵਾਸ਼ਿੰਗਟਨ:-ਦੁਨੀਆ ਦੇ ਸਭ ਤੋਂ ਮਜ਼ਬੂਤ ਅਤੇ ਕਮਜ਼ੋਰ ਪਾਸਪੋਰਟ ਦੀ ਲਿਸਟ ਜਾਰੀ ਹੋ ਗਈ ਹੈ। 2023 ਵਿੱਚ ਇਸ ਵਾਰ ਫ਼ਿਰ ਪਿਛਲੇ ਸਾਲ ਵਾਂਗ ਜਾਪਾਨ ਨੇ ਹੀ ਬਾਜ਼ੀ ਮਾਰੀ ਹੈ। ਜਾਪਾਨ ਮੁੜ ਸਭ ਤੋਂ ਮਜ਼ਬੂਤ ਪਾਸਪੋਰਟ ਵਾਲਾ ਮੁਲਕ ਹੈ। ਹੇਨਲੇ ਪਾਸਪੋਰਟ ਇੰਡੈਕਸ ਨੇ ਸਭ ਤੋਂ ਮਜ਼ਬੂਤ ਅਤੇ ਸਭ ਤੋਂ ਕਮਜ਼ੋਰ ਪਾਸਪੋਰਟ ਦੀ ਇਹ ਲਿਸਟ ਜਾਰੀ ਕੀਤੀ ਹੈ। ਇਸ ਰੈਂਕਿੰਗ ਵਿੱਚ ਭਾਰਤ 85ਵੇਂ ਅਤੇ ਪਾਕਿਸਤਾਨ 106ਵੇਂ ਨੰਬਰ ਉੱਤੇ ਹੈ। ਲੰਡਨ ਦੀ ਫਰਮ ਹੇਨਲੇ ਐਂਡ ਪਾਰਟਨਰਜ਼ ਨੇ ਸਾਲ 2023 ਦੀ ਇਸ ਗਲੋਬਲ ਪਾਸਪੋਰਟ ਲਿਸਟ ਵਿੱਚ 199 ਪਾਸਪੋਰਟ ਅਤੇ 227 ਮੁਲਕਾਂ ਨੂੰ ਸ਼ਾਮਲ ਕੀਤਾ ਹੈ। ਦੱਸ ਦਈਏ ਕਿ ਜਪਾਨ ਨੇ 2023 ਦੇ ਪਾਸਪੋਰਟ ਇੰਡੈਕਸ ਵਿੱਚ ਆਪਣੀ ਸਰਦਾਰੀ ਲਗਾਤਾਰ ਪੰਜਵੇਂ ਸਾਲ ਤੱਕ ਬਰਕਰਾਰ ਰੱਖੀ ਹੈ। ਉਸੇ ਤਰ੍ਹਾਂ 2022 ਦੇ ਮੁਕਾਬਲੇ 2023 ਵਿੱਚ ਵੀ ਦੂਜੇ ਨੰਬਰ ਉੱਤੇ ਸਿੰਗਾਪੁਰ ਅਤੇ ਸਾਊਥ ਕੋਰੀਆ ਹਨ – ਇਨ੍ਹਾਂ ਦੋਵਾਂ ਦੇਸ਼ਾਂ ਦੇ ਪਾਸਪੋਰਟ ਹੋਲਡਰ 192 ਦੇਸ਼ਾਂ ਵਿੱਚ ਵੀਜ਼ਾ ਫਰੀ ਯਾਤਰਾ ਕਰ ਸਕਦੇ ਹਨ। ਤੀਜੇ ਨੰਬਰ ਉੱਤੇ ਜਰਮਨੀ ਅਤੇ ਸਪੇਨ ਹਨ ਅਤੇ ਉਨ੍ਹਾਂ ਲਈ ਇਹ ਗਿਣਤੀ 190 ਹੈ। ਜੇਕਰ ਯੂਕੇ ਅਤੇ ਅਮਰੀਕਾ ਦੀ ਗੱਲ ਕੀਤੀ ਜਾਵੇ ਤਾਂ ਯੂਕੇ 6ਵੇਂ ਨੰਬਰ ਉੱਤੇ ਅਤੇ ਇਸ ਇੰਡੈਕਸ ਵਿੱਚ ਅਮਰੀਕਾ 7ਵੇਂ ਨੰਬਰ ਉੱਤੇ ਹੈ। ਆਸਟਰੇਲੀਆ ਅਤੇ ਕੈਨੇਡਾ 8ਵੇਂ ਨੰਬਰ ਉੱਤੇ ਹਨ। ਹੇਨਲੇ ਪਾਸਪੋਰਟ ਇੰਡੈਕਸ ਮੁਤਾਬਕ 2023 ਵਿੱਚ ਭਾਰਤ ਦਾ ਰੈਂਕ 85ਵਾਂ ਹੈ, ਹਾਲਾਂਕਿ ਪਿਛਲੇ ਸਾਲ ਭਾਰਤ 87ਵੇਂ ਰੈਂਕ ਉੱਤੇ ਸੀ। ਇਸੇ ਤਰ੍ਹਾਂ ਚੀਨ 66ਵੇਂ, ਭੂਟਾਨ 90ਵੇਂ, ਈਰਾਨ 99ਵੇਂ ਅਤੇ ਸ਼੍ਰੀਲੰਕਾ 100ਵੇਂ ਨੰਬਰ ਉੱਤੇ ਹਨ।

☞ ਲੱਖਾਂ ਦੇ ਘੇਰੇ ਵਿੱਚ ਸਾਡੇ ਹੱਥ ਨਹੀਂ ਆਇਆ, ਇਨ੍ਹਾਂ ਖੁੱਲ੍ਹੀਆਂ ਰੇਤਲੀਆਂ ਅਤੇ ਖੁਸ਼ਕ ਜੂਹਾਂ ਵਿੱਚ, ਉਸ ਨੂੰ ਪਕੜਨਾ ਕੋਈ “ਖਾਲਾ ਜੀ ਦਾ ਵਾੜਾ” ਨਹੀਂ। ਇਉਂ ਗੱਲਾਂ ਕਰਦੇ ਮੂੰਹ ਦੀ ਖਾਕੇ ਮੁਗਲ ਅਤੇ ਪਹਾੜੀ ਤਿੱਤਰ-ਬਿੱਤਰ ਹੋ ਵਾਪਸ ਮੁੜ ਗਏ।

ਹੁਣ ਓਧਰੋਂ ਗੁਰੂ ਜੀ ਟਿੱਬੇ ਤੋਂ ਥੱਲੇ ਆ ਕੀ ਵੇਖਦੇ ਹਨ ਕਿ ਮੈਦਾਨੇ ਜੰਗ ਵਿੱਚ, ਬਹੁਤ ਸਾਰੇ ਸਿੰਘ ਵੀ ਸ਼ਹੀਦ ਹੋ ਚੁੱਕੇ ਹਨ। ਸਿੰਘਾਂ ਦੀ ਝਾੜੀਆਂ ਤੇ ਚਾਦਰਾਂ ਦੇ ਤੰਬੂ ਤਾਨਣ ਦੀ ਵਿਉਂਤ ਅਤੇ ਜਾਨਾਂ ਹੂਲ ਕੇ ਸ਼ਹੀਦ ਹੋਣ ਨੂੰ ਵੇਖ ਕੇ, ਗੁਰੂ ਜੀ ਦਾ ਹਿਰਦਾ ਦ੍ਰਵ ਗਿਆ। ਆਪਣੇ ਹੱਥਾਂ ਚ’ ਰੁਮਾਲ ਲੈ, ਸ਼ਹੀਦ ਸਿੰਘਾਂ ਦੇ ਮੁਖੜੇ ਸਾਫ ਕਰਦਿਆਂ, ਕਿਸੇ ਨੂੰ ਪੰਜ ਹਜ਼ਾਰੀ, ਕਿਸੇ ਨੂੰ ਦਸ ਹਜ਼ਾਰੀ, ਕਿਸੇ ਨੂੰ ਵੀਹ ਹਜ਼ਾਰੀ, ਤੀਹ ਹਜ਼ਾਰੀ ਅਤੇ ਕਿਸੇ ਨੂੰ ਪੰਜਾਹ ਹਜ਼ਾਰੀ ਕਿਹਾ। ਮਾਈ ਭਾਗੋ ਵੀ ਇਸ ਜੰਗ ਵਿੱਚ ਜ਼ਖਮੀ ਹੋ ਗਈ ਜੋ ਬਾਅਦ ਵਿੱਚ ਗੁਰੂ ਜੀ ਨਾਲ ਨਾਦੇੜ ਵੱਲ ਚਲੀ ਗਈ ਤੇ ਅੰਤ ਤੱਕ ਨਾਲ ਰਹੀ। ਗੁਰੂ ਜੀ ਜਦ ਸਿੰਘਾਂ ਦੇ ਮੁਖੜੇ ਪੂੰਝਦੇ ਹੋਏ ਜਥੇਦਾਰ ਮਹਾਂ ਸਿੰਘ ਕੋਲ ਪਹੁੰਚੇ ਜੋ ਅਜੇ ਸਹਕ ਰਿਹਾ ਸੀ। ਗੁਰੂ ਜੀ ਨੇ ਉਸ ਦਾ ਮੁਖੜਾ ਆਪਣੇ ਰੁਮਾਲ ਨਾਲ ਪੂੰਝਿਆ ਅਤੇ ਮੁੱਖ ਵਿੱਚ ਕੁੱਝ ਪਾਣੀ ਪਾਇਆ ਤਾਂ ਭਾਈ ਮਹਾਂ ਸਿੰਘ ਦੀਆਂ ਕੁਝ ਅੱਖਾਂ ਉਘੜੀਆਂ, ਆਖਰੀ ਸਵਾਸਾਂ ਤੇ ਸਰਬੰਸਦਾਨੀ ਗੁਰੂ ਦੇ ਦਰਸ਼ਨ ਕੀਤੇ, ਵੈਰਾਗ ਤੇ ਪਿਆਰ ਦੀ ਕਾਂਗ ਪੈਦਾ ਹੋ ਗਈ। ਦੋਨੋਂ ਹੱਥ ਪਿਆਰੇ ਦੇ ਨੇਂਹ ਵਿੱਚ ਜੁੜ ਗਏ। ਗੁਰੂ ਜੀ ਨੇ ਵੀ ਭਾਈ ਮਹਾਂ ਸਿੰਘ ਦੀ ਇਹ ਹਾਲਤ ਵੇਖ ਕਿਹਾ, ਮਹਾਂ ਸਿੰਘਾ! ਤੁਸੀਂ ਮਹਾਨ ਹੋ, ਤੁਹਾਡੀਆਂ ਕੁਰਬਾਨੀਆਂ ਮਹਾਨ ਹਨ। ਕੋਈ ਮਨ ਅੰਦਰ ਮਹਿਸੂਸ ਨਹੀਂ ਕਰਨਾ, ਸਰਸਾ ਤੋਂ ਰੋੜ੍ਹੇ ਪੈ ਵਿਛੜਨ ਦੀ ਬੇਵਫਾਈ ਦਾ ਕਿਉਂਕਿ ਮੇਰੇ ਸਿੰਘ, ਕਿਸੇ ਵੇਲੇ ਕਿਸੇ ਖਾਸ ਕਾਰਨ ਕਰਕੇ, ਵਿਛੜ ਤਾਂ ਸਕਦੇ ਹਨ ਪਰ ਗੁਰੂ ਨੂੰ ਨਹੀਂ ਵਿਸਾਰਦੇ। ਇਹ ਸੁਣ ਮਹਾਂ ਸਿੰਘ ਜੀ ਦੀਆਂ ਅੱਖਾਂ ਚੋਂ ਵੈਰਾਗ ਦਾ ਜਲ ਵਹਿ ਤੁਰਿਆ ਤੇ ਥੜਕਦੀ ਜ਼ਬਾਨ ਵਿੱਚ ਫਿਰ ਵੀ ਮਜਬੂਰੀ ਕਾਰਨ ਹੋਈ ਬੇਵਫਾਈ ਦੀ ਖਿਮਾ ਮੰਗੀ। “ਗੁਰ ਬਖਸੰਦ ਸਦਾ ਮਿਹਰਵਾਨਾ” ਦੇ ਮਹਾਂਵਾਕ ਅਨੁਸਾਰ ਗੁਰੂ ਜੀ ਮਹਾਂ ਸਿੰਘ ਦਾ ਮੁੱਖੜਾ ਚੁੰਮਦੇ ਹੋਏ “ਮੁਕਤਿ ਦਾਨ” ਦੇ ਬਖਸ਼ਿਸ਼ ਕੀਤੀ। ਲੱਗ-ਪੱਗ ਚਾਲੀ ਦੇ ਕਰੀਬ ਸਿੰਘ ਸ਼ਹੀਦ ਹੋਏ। ਜਿੱਥੇ ਸਤਿਗੁਰੂ ਨੇ ਸਭ ਸ਼ਹੀਦਾਂ ਦਾ ਆਪਣੇ ਹੱਥੀ ਅੰਤਮ ਸਸਕਾਰ ਕੀਤਾ ਓਥੇ ਮੁਕਤਸਰ ਦਾ ਮਹਾਂਨ ਅਸਥਾਨ ਸੁਭਾਇਮਾਨ ਹੈ। ਮੁਕਤਸਰ ਤੋਂ ਭਾਵ ਹੈ ਮੁਕਤੀ ਦਾ ਸਰੋਵਰ, ਜਿਥੇ ਇਹ ਥਾਂ ਪਹਿਲਾਂ ਆਮ ਤਲਾਅ ਸੀ ਸ਼ਹੀਦ ਸ਼ਿੰਘਾਂ ਦਾ ਡੁਲਿਆਂ ਖੂਨ ਅਤੇ ਗੁਰੂ ਜੀ ਦੀ ਪਾਵਨ ਚਰਨ ਛੋਹ ਪ੍ਰਾਪਤ ਕਰਕੇ, ਮੁਕਤਸਰ ਬਣ ਗਿਆ। ਇਤਿਹਾਸ ਅਨੁਸਾਰ ਇਹ ਯੁੱਧ ਵੈਸਾਖ ਵਿੱਚ ਹੋਇਆ। ਵੈਸਾਖੀ ਦੀ ਫਸਲ ਪੱਕੀ ਹੋਈ ਸੀ, ਕਿਸਾਨ ਉਸ ਨੂੰ ਸਾਂਭਨ ਵਿੱਚ ਰੁਝੇ ਹੋਏ ਸਨ ਪਰ ਫਿਰ ਵੀ ਉਨ੍ਹਾਂ ਨੇ ਸਦੀਆਂ ਤੋਂ ਲਿਤਾੜਿਆਂ ਨੂੰ ਸਵੈਮਾਨਤਾ ਦੀ ਜ਼ਿੰਦਗੀ ਬਖਸ਼ਣ ਵਾਲੇ ਮਹਾਨ ਗੁਰੂ ਦਾ ਹਰ ਸਮੇ ਸਾਥ ਦਿੱਤਾ। ਮਾਘੀ ਦੀ ਸੰਗਰਾਂਦ ਨਾਲ ਇਸ ਮਹਾਨ ਸਾਕੇ ਦਾ ਕੋਈ ਸਬੰਧ ਨਹੀਂ। ਸੰਗ੍ਰਾਦਾਂ ਦੇ ਇਸ਼ਨਾਨ ਅਤੇ ਪੂਜਾ ਚਲਾਕ ਬ੍ਰਾਹਮਣ ਦੀ ਕਾਢ ਹਨ। ਗੁਰ ਫੁਰਮਾਨ ਹੈ-ਚਉਦਸ ਅਮਾਵਸ ਰਚਿ ਰਚਿ ਮਾਗਹਿ ਹਠੇ ਕਰਮ ਕਰਿ ਉਦਰ ਭਰਹਿ (੯੭੦) ਚੱਲੀ ਆ ਰਹੀ ਰਵਾਇਤ ਅਨੁਸਾਰ ਇਹ ਜੋੜ ਮੇਲਾ ਮਾਘ ਮਹੀਨੇ ਵਿੱਚ ਹੁੰਦਾ ਹੈ। ਮਾਘੀ ਦੇ ਇਸ਼ਨਾਨ ਬਾਰੇ ਗੁਰੂ ਜੀ ਬਾਰਹ ਮਾਹ ਦੀ ਬਾਣੀ ਵਿੱਚ ਲਿਖਦੇ ਹਨ ਕਿ-ਮਾਘਿ ਮਜਨੁ ਸੰਗਿ ਸਾਧੂਆਂ ਧੂੜੀ ਕਰਿ ਇਸਨਾਨੁ॥ ਹਰਿ ਕਾ ਨਾਮੁ ਧਿਅਇ ਸੁਣਿ ਸਭਨਾ ਨੂੰ ਕਰਿ ਦਾਨੁ॥ (੧੩੫) ਭਾਵ ਭਲੇ ਪੁਰਖਾਂ ਦੀ ਸੰਗਤ ਕਰ, ਨਿਮਰ ਹੋਣਾ ਹੀ ਮਾਘ ਦਾ ਪਵਿਤਰ ਇਸ਼ਨਾਨ ਅਤੇ ਪ੍ਰਮਾਤਮਾਂ ਦਾ ਨਾਮ ਜਪਣਾ ਤੇ ਹੋਰਨਾਂ ਨੂੰ ਜਪਾਉਂਣਾ ਹੀ ਉੱਤਮ ਦਾਨ ਹੈ। ਇਸ ਮੁਕਤਸਰ ਦੇ ਮਹਾਂਨ ਸਾਕੇ ਤੋਂ ਸਾਨੂੰ ਗੁਰੂ ਨਾਲ ਸਿੰਘਾਂ ਦਾ ਕਿਨਾ ਪਿਆਰ ਸੀ ਦਾ ਸਬਕ ਲੈਣਾ ਚਾਹੀਦੈ ਨਾਂ ਕਿ ਕੇਵਲ ਤੀਰਥ ਇਸ਼ਨਾਨ ਕਰ ਛੱਡਣਾ ਹੀ ਇਸ ਜੋੜ ਮੇਲੇ ਦਾ ਮਕਸਦ ਹੈ। ਸੋ ਇਹ ਮੁਕਤਸਰ ਦਾ ਮਹਾਨ ਯੁੱਧ ਸੀ ਨਾਂ ਕਿ ਮਾਘੀ ਦੀ ਸੰਗ੍ਰਾਦ ਦਾ ਤੀਰਥ ਇਸ਼ਨਾਨ।

So Easy
ਲਰਨਿੰਗ ਲਾਇਸੈਂਸ
ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- **ਆਟੋਮੈਟਿਕ** ਹਾਈਵੇ ਟਰੱਕ-ਨੋ ਗੇਅਰ ਨੋ ਕਲੱਚ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ










ਅਸੀਂ ਸਿਟੀਜਨ ਟੈਸਟ ਦੀ ਤਿਆਰੀ ਵੀ ਕਰਵਾਉਂਦੇ ਹਾਂ

LUCKY'S A to Z DRIVING SCHOOL
Lucky 604-614-5365
Unit 15 - 8388 128 St., Surrey

ATLAS
ANIMAL HOSPITAL
Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates
Tel: 604-301-0300
5696 Fraser St, Vancouver, BC, V5W 2Z4
www.atlasvetsinvancouver.com

# ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਅਤੇ ਗੁਰੂ ਨਾਨਕ ਏਡ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ 'ਚ 22 ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ

ਅੰਮ੍ਰਿਤਸਰ:ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸ਼ਹੀਦ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਯਾਦ ਵਿੱਚ ਪੰਥਕ ਜਥੇਬੰਦੀ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਅਤੇ ਇੰਗਲੈਂਡ ਦੀ ਗੁਰੂ ਨਾਨਕ ਏਡ ਸੰਸਥਾ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਟਾਂਡਾ ਸ਼ਹਿਰ ਦੇ ਗੁਰਦੁਆਰਾ ਦਾਰਾਪੁਰ ਬਾਈਪਾਸ ਵਿਖੇ 22 ਸ਼ਹੀਦਾਂ ਦੇ ਪਰਿਵਾਰਾਂ ਅਤੇ ਪੰਥਕ ਸ਼ਖ਼ਸੀਅਤਾਂ ਨੂੰ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਖ਼ਾਲਸਾਈ ਜੈਕਾਰਿਆਂ ਦੀ ਭਰਵੀਂ ਗੂੰਜ ਵਿੱਚ ਮਾਇਕੀ ਸਹਾਇਤਾ, ਕੰਬਲ, ਰਾਸ਼ਨ ਅਤੇ ਸ਼ੀਲਡਾਂ ਭੇਟ ਕਰਦਿਆਂ ਸਤਿਕਾਰ ਸਹਿਤ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਚਾਰਾਂ ਦੀ ਸਾਂਝ ਕਰਦਿਆਂ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ, ਗੁਰਧਾਮਾਂ ਦੀ ਪਵਿੱਤਰਤਾ ਦੀ ਰਾਖੀ ਅਤੇ ਧਰਮ, ਕੌਮ, ਪੰਥ ਅਤੇ ਸਿੱਖੀ ਦੀ ਆਨ ਸ਼ਾਨ ਕਾਇਮ ਰੱਖਣ ਤੇ ਜ਼ੁਲਮ ਦੇ ਖਾਤਮੇ ਲਈ ਹਜ਼ਾਰਾਂ ਸਿੰਘਾਂ ਨੇ ਹਿੰਦੁਸਤਾਨੀ ਹਕੂਮਤ ਵਿਰੁੱਧ ਟੱਕਰ ਲੈਂਦਿਆਂ ਸ਼ਹੀਦੀਆਂ ਦਿੱਤੀਆਂ ਹਨ ਤੇ ਅਸੀਂ ਇਹਨਾਂ ਸ਼ਹੀਦਾਂ ਦਾ ਕੌਮੀ ਘਰ ਦਾ ਸੁਪਨਾ ਹਰ ਹੀਲੇ ਪੂਰਾ ਕਰਨ ਲਈ ਵਚਨਬੱਧ ਹਾਂ। ਭਾਈ ਰਣਜੀਤ ਸਿੰਘ ਨੇ ਦੱਸਿਆ ਕਿ ਪਹਿਲਾ ਸਮਾਗਮ ਜ਼ਿਲ੍ਹਾ ਤਰਨ ਤਾਰਨ ਵਿੱਚ ਕਰਵਾਇਆ ਗਿਆ ਸੀ ਤੇ ਅਗਲੇ ਦੋ ਸਮਾਗਮ ਅੰਮ੍ਰਿਤਸਰ ਵਿੱਚ ਹੋਣਗੇ ਜਿੱਥੇ ਹੋਰ ਸ਼ਹੀਦਾਂ ਦੇ ਪਰਿਵਾਰਾਂ ਨੂੰ ਇਕੱਤਰ ਕਰਕੇ ਸਨਮਾਨਿਆ ਜਾਵੇਗਾ। ਉਹਨਾਂ ਕਿਹਾ ਕਿ ਖ਼ਾਲਿਸਤਾਨ ਲਈ ਲੜੇ ਗਏ ਸਿੱਖ ਸੰਘਰਸ਼ ਦੇ ਸਮੂਹ ਸ਼ਹੀਦਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸ਼੍ਰੋਮਣੀ ਕਮੇਟੀ ਨੂੰ ਲਾਉਣੀਆਂ ਚਾਹੀਦੀਆਂ ਹਨ।



ਭੁਝੰਗੀ ਗੁਰਪੰਥ ਪ੍ਰਥਮ ਸਿੰਘ ਨੇ ਸੰਗਤਾਂ ਨੂੰ ਪਾਠ ਸ੍ਰਵਣ ਕਰਵਾਇਆ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਭਾਈ ਪਰਮਿੰਦਰ ਸਿੰਘ ਮੁਕੇਰੀਆਂ, ਸਤਿਕਾਰ ਕਮੇਟੀ ਦੇ ਆਗੂ ਭਾਈ ਦਵਿੰਦਰ ਸਿੰਘ ਮੁਕੇਰੀਆਂ, ਭਾਈ ਭੁਪਿੰਦਰ ਸਿੰਘ ਸੱਜਣ ਅਤੇ ਬੀਬੀ ਕੁਲਵਿੰਦਰ ਕੌਰ ਖ਼ਾਲਸਾ ਤੇ ਬੀਬੀ ਹਰਜੀਤ ਕੌਰ ਚੀਮਾ ਨੇ ਵੀ ਵਿਚਾਰ ਸਾਂਝੇ ਕੀਤੇ। ਸਮਾਗਮ ਵਿੱਚ ਸ਼ਹੀਦ ਪਰਮਜੀਤ ਸਿੰਘ ਤੁਗਲਵਾਲਾ, ਸ਼ਹੀਦ ਸੁਰਿੰਦਰ ਸਿੰਘ ਭਾਮ, ਸ਼ਹੀਦ ਜਤਿੰਦਰ ਸਿੰਘ ਤੁਗਲਵਾਲਾ, ਸ਼ਹੀਦ ਮੰਗਲ ਸਿੰਘ ਚੀਮਾ, ਸ਼ਹੀਦ ਅਰਪਿੰਦਰ ਸਿੰਘ ਭਾਮ, ਸ਼ਹੀਦ ਹੀਰਾ ਸਿੰਘ ਨੰਗਲ ਝੌਰ, ਸ਼ਹੀਦ ਸੁਮਿੱਤਰ ਸਿੰਘ ਮੁੱਲਾਂਵਾਲ, ਸ਼ਹੀਦ ਤਰਸੇਮ ਸਿੰਘ ਕੋਹਾੜ, ਸ਼ਹੀਦ ਸਲਵਿੰਦਰ ਸਿੰਘ ਨੰਗਲ ਝੌਰ, ਸ਼ਹੀਦ ਮੇਜਰ ਸਿੰਘ ਸਮਰਾਵਾਂ, ਸ਼ਹੀਦ ਦਿਲਬਾਗ ਸਿੰਘ ਸਮਰਾਵਾਂ, ਸ਼ਹੀਦ ਜੋਗਿੰਦਰ ਸਿੰਘ ਕੁਲਾਰ, ਸ਼ਹੀਦ ਇਕਬਾਲ ਸਿੰਘ ਬਾਹਗਾ, ਸ਼ਹਝਦ ਅਵਤਾਰ ਸਿੰਘ ਗਾਲੋਵਾਲ, ਸ਼ਹੀਦ ਜਗਤਾਰ ਸਿੰਘ ਗਾਲੋਵਾਲ, ਸ਼ਹੀਦ ਸਤਵਿੰਦਰ ਸਿੰਘ ਖਡਿਆਲਾ ਸੈਣੀਆਂ, ਸ਼ਹੀਦ ਨਛੱਤਰ ਸਿੰਘ ਰਾਈਵਾਲ ਬੇਟ, ਸ਼ਹੀਦ ਸੁਖਦੇਵ ਸਿੰਘ ਭਾਅਜੀ, ਸ਼ਹੀਦ ਅਮਰਜੀਤ ਸਿੰਘ ਦਹੇੜੂ, ਸ਼ਹੀਦ ਬੂਆ ਸਿੰਘ ਪੰਜਾਬ, ਸ਼ਹੀਦ ਸੁਖਦੇਵ ਸਿੰਘ ਸੰਗਤਪੁਰਾ, ਸ਼ਹੀਦ ਬਲਵੰਤ ਸਿੰਘ ਢਪੱਈ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਗਿਆਨੀ ਰਛਪਾਲ ਸਿੰਘ ਟਾਂਡਾ, ਭਾਈ ਮਨਦੀਪ ਸਿੰਘ ਖ਼ਾਲਸਾ, ਬੀਬੀ ਪਰਮਜੀਤ ਕੌਰ ਕੋਹਾੜ, ਗੁਰਪ੍ਰੀਤ ਸਿੰਘ ਟਾਂਡਾ ਆਦਿ ਹਾਜ਼ਰ ਸਨ।

# ਅਸੰਭਵ ਸ਼ਬਦ ਦਾ ਤਿਆਗ



ਅਜੋਕੇ ਯੁੱਗ ਵਿੱਚ ਤੇਜ਼ ਰਫਤਾਰ ਜ਼ਿੰਦਗੀ ਦੇ ਚਲਦਿਆਂ ਇਹ ਸ਼ਬਦ ਸੁਣਨ ਮਿਲਦੇ ਹਨ ਕਿ ਇਹ ਕੰਮ ਤਾਂ ਮੇਰੇ ਲਈ ਅਸੰਭਵ ਹੈ ਹਾਲਾਂਕਿ ਸਿਆਣੇ, ਵਿਦਵਾਨ ਅਤੇ ਬੁੱਧੀਜੀਵੀ ਲੋਕ ਅਕਸਰ ਸਮਝਾਉਂਦੇ ਹਨ ਕਿ ਅਸੰਭਵ ਸ਼ਬਦ ਰੂਹ ਤੋਂ ਹਾਰੇ ਹੋਏ ਮਨੁੱਖਾਂ ਦਾ ਸ਼ਬਦ ਹੈ।ਪੜ੍ਹਨ ਵਾਲੇ ਵਿਦਿਆਰਥੀਆਂ ਲਈ ਇਹ ਲਾਜ਼ਮੀ ਹੈ ਕਿ ਅਸੰਭਵ ਸ਼ਬਦ ਨੂੰ ਆਪਣੇ ਜੀਵਨ ਵਿੱਚੋਂ ਕੱਢ ਕੇ ਬਾਹਰ ਸੁੱਟ ਦੇਣ ਕਾਰਨ ਇਹ ਹੈ ਕਿ ਵਿਦਿਆਰਥੀਆਂ ਨੇ ਹੀ ਆਉਣ ਵਾਲੇ ਸਮੇਂ ਵਿੱਚ ਦੇਸ਼ ਅਤੇ ਸਮਾਜ ਦੀ ਵਾਗਡੋਰ ਆਪਣੇ ਹੱਥ ਵਿੱਚ ਸਾਂਭਣੀ ਹੁੰਦੀ ਹੈ।ਜੇਕਰ ਸਾਡੇ ਭਵਿੱਖੀ ਨੇਤਾ ਅਜਿਹੇ ਨਕਾਰਾਤਮਕ ਸ਼ਬਦ ਦੇ ਜਾਲ ਵਿੱਚ ਫਸ ਗਏ ਤਾਂ ਸਾਡੇ ਦੇਸ਼ ਅਤੇ ਸਮਾਜ ਨੂੰ ਕੌਣ ਬਚਾਏਗਾ ਸੋ ਵਿਦਿਆਰਥੀਆਂ ਲਈ ਇਹ ਲਾਜ਼ਮੀ ਹੈ ਕਿ ਉਹ ਅਸੰਭਵ ਸ਼ਬਦ ਦਾ ਪਹਿਲ ਦੇ ਆਧਾਰ ਤੇ ਤਿਆਗ ਕਰ ਦੇਣ। ਵਿਦਿਆਰਥੀ ਅਤੇ ਵਿੱਦਿਆ,ਫੇਰ ਵਿੱਦਿਆ ਅਤੇ ਵਿੱਦਿਅਕ ਸੰਸਥਾਵਾਂ ਦਾ ਨਹੁੰ ਮਾਸ ਦਾ ਰਿਸ਼ਤਾ ਹੈ।ਅੱਖਰ ਗਿਆਨ ਲਈ ਵਿਦਿਆਰਥੀ ਦਾ ਸਕੂਲ ਵਿੱਚ ਜਾਣਾ ਬਹੁਤ ਜ਼ਰੂਰੀ ਹੈ। ਪ੍ਰਾਇਮਰੀ ਪੱਧਰ ਤੇ ਵਿਦਿਆਰਥੀਆਂ ਨੂੰ ਇਹ ਗੁਣ ਅਖਤਿਆਰ ਕਰਨਾ ਅਤਿ ਲਾਜ਼ਮੀ ਹੈ ਕਿ ਉਨ੍ਹਾਂ ਨੇ ਅਸੰਭਵ ਸ਼ਬਦ ਨੂੰ ਆਪਣੇ ਨੇੜੇ ਬਿਲਕੁਲ ਨਹੀਂ ਢੁੱਕਣ ਦੇਣਾ।ਮਿਡਲ ਪੱਧਰ(ਛੇਵੀਂ ਤੋਂ ਅੱਠਵੀਂ) ਤੱਕ ਪਹੁੰਚ ਕੇ ਚੜ੍ਹਦੀ ਕਲਾ ਅਤੇ ਸਕਾਰਾਤਮਕ ਸੋਚ ਨਾਲ ਉਹ ਵਿੱਦਿਆ, ਖੇਡਾਂ,ਸੰਗੀਤ ਕਲਾ ਆਦਿ ਖੇਤਰਾਂ ਵਿੱਚ ਮੱਲਾਂ ਮਾਰ ਸਕਦੇ ਹਨ। ਵੱਡੀਆਂ ਜਮਾਤਾਂ (ਨੌਵੀਂ ਤੋਂ ਬਾਰ੍ਹਵੀਂ) ਤੱਕ ਪਹੁੰਚਦੇ-ਪਹੁੰਚਦੇ ਉਨ੍ਹਾਂ ਅੰਦਰ ਬਹੁਤ ਸਾਰੀਆਂ ਤਬਦੀਲੀਆਂ ਆਉਂਦੀਆਂ ਹਨ। ਜਿੱਥੇ ਇਹ ਸਮਾਂ ਉਨ੍ਹਾਂ ਦੇ ਸਰੀਰਕ ਵਿਕਾਸ ਦਾ ਹੁੰਦਾ ਹੈ ,ਉੱਥੇ ਮਾਨਸਿਕ ਅਤੇ ਭਾਵਨਾਤਮਕ ਤੌਰ ਤੇ ਹੋ ਰਹੇ ਬਦਲਾਅ, ਉਨ੍ਹਾਂ ਅੰਦਰ ਇੱਕ ਤਰਾਂ ਨਾਲ ਖੌਰੂ ਹੀ ਪਾ ਦਿੰਦੇ ਹਨ। ਇਸ ਮੌਕੇ ਉਨ੍ਹਾਂ ਨੂੰ ਯੋਗ ਅਗਵਾਈ ਦੀ ਬਹੁਤ ਲੋੜ ਹੁੰਦੀ ਹੈ ।ਜੇਕਰ ਮਾਪੇ ਅਤੇ ਅਧਿਆਪਕ ਉਨ੍ਹਾਂ ਦੀ ਯੋਗ ਰਹਿਨੁਮਾਈ ਕਰਨ ਤਾਂ ਉਹ ਵਿਦਿਆਰਥੀ ਰੌਸ਼ਨ ਚਮਕਦੇ ਸਿਤਾਰੇ ਬਣ ਸਕਦੇ ਹਨ। ਵਿਦਿਆਰਥੀ ਜੇਕਰ ਥੋੜ੍ਹੇ ਜਿਹੇ ਠਰ੍ਹੰਮੇ ਤੋਂ ਕੰਮ ਲੈਣ ਤਾਂ ਉਨ੍ਹਾਂ ਦੀ ਸਾਰੀ ਜ਼ਿੰਦਗੀ ਸਫ਼ਲਤਾ ਭਰਪੂਰ ਹੋ ਸਕਦੀ ਹੈ। ਉਨ੍ਹਾਂ ਨੂੰ ਜਦੋਂ ਵੀ ਪੜ੍ਹਾਈ ਜਾਂ ਨੈਤਿਕ ਮੁੱਲਾਂ ਨੂੰ ਅਪਨਾਉਣ ਲਈ ਸਿੱਖਿਆ ਦਿੱਤੀ ਜਾਂਦੀ ਹੈ ਤਾਂਅਕਸਰ ਉਹ ਅਕੇਵਾਂ ਮਹਿਸੂਸ ਕਰਨ ਲੱਗਦੇ ਹਨ।ਪ੍ਰੰਤੂ ਇਹ ਚਾਹੀਦਾ ਹੈ ਕਿ ਉਹ ਇਹ ਗੱਲ ਹਮੇਸ਼ਾਂ ਆਪਣੇ ਅੰਦਰ ਵਸਾ ਕੇ ਰੱਖਣ ਕਿ ਲੰਘਿਆ ਵੇਲਾ ਕਦੇ ਵੀ ਵਾਪਸ ਨਹੀਂ ਆ ਸਕਦਾ। ਇਸ ਕਰਕੇ ਵਰਤਮਾਨ ਸਮਾਂ ਉਨ੍ਹਾਂ ਦਾ ਕੀਮਤੀ ਸਮਾਂ ਹੈ।ਇਹ ਠੀਕ ਹੈ ਕਿ ਵਿਦਿਆਰਥੀ ਜੀਵਨ ਦੀਆਂ ਮੌਜਾਂ ਵੀ ਦੁਬਾਰਾ ਨਹੀਂ ਮਿਲਦੀਆਂ। ਪ੍ਰੰਤੂ ਜੇਕਰ ਅਸੀਂ ਮਹਾਨ ਯੋਧੇ ਅਰਜਨ ਵਾਂਗ ਆਪਣਾ ਧਿਆਨ ਆਪਣੇ ਉਦੇਸ਼ ਤੇ ਹੀ ਕੇਂਦਰਤ ਕਰੀਏ ਤਾਂ ਸਾਨੂੰ ਕਾਫੀ ਚੀਜ਼ਾਂ ਫਜ਼ੂਲ ਜਾਪਣ ਲੱਗਣਗੀਆਂ।ਇੱਥੋਂ ਹੀ ਸ਼ਬਦ'ਅਸੰਭਵ ਦੇ ਤਿਆਗ ਦੀ ਭਾਵਨਾ ਉਪਜੇਗੀ। ਜੇਕਰ ਅਸੀਂ ਇਹ ਦ੍ਰਿੜ੍ਹ ਇਰਾਦਾ ਲਈਏ ਕਿ ਅਸੰਭਵ ਸ਼ਬਦ ਸਾਡੇ ਲਈ ਨਹੀਂ ਬਣਿਆ, ਤਾਂ ਅਸੀਂ ਹਰੇਕ ਖੇਤਰ ਵਿੱਚ ਕਾਮਯਾਬੀ ਪ੍ਰਾਪਤ ਕਰ ਸਕਾਂਗੇ।ਫਿਰ ਸਾਨੂੰ ਕੋਈ ਵੀ ਵਿਸ਼ਾ ਔਖਾ ਨਹੀਂ ਲੱਗੇਗਾ ਜਿਸ ਤਰਾਂ ਮਿਸਤਰੀ ਲੱਕੜੀ ਤੋਂ ਵਾਧੂ ਦੀਆਂ ਛਿਲਤਰਾਂ ਨੂੰ ਰੰਦੇ ਨਾਲ ਸਾਫ ਕਰਦਾ ਹੈ, ਉਵੇਂ ਹੀ ਸਾਨੂੰ ਅਸੰਭਵ,ਔਖਾ, ਮੁਸ਼ਕਿਲ ਆਦਿ ਸ਼ਬਦਾਂ ਨੂੰ ਰੰਦ ਕੇ ਜੀਵਨ ਨੂੰ ਸਾਵਾਂ ਅਤੇ ਪੱਧਰਾ ਕਰਨਾ ਆਉਣਾ ਚਾਹੀਦਾ।ਸੋ ਪਿਆਰੇ ਬੱਚਿਓ ! ਯਾਦ ਰੱਖੋ ਕਿ ਇਹ ਸਾਡਾ ਸਮੁੱਚਾ ਸਮਾਜ ਤੁਹਾਡੇ ਤੇ ਟੇਕ ਰੱਖਦਾ ਹੈ ।ਤੁਸੀਂ ਹੀ ਭਵਿੱਖ ਵਿੱਚ ਦੇਸ਼ ਅਤੇ ਸਮਾਜ ਨੂੰ ਤਰੱਕੀ ਦੇ ਰਾਹ ਤੋਰਨਾ ਹੈ। ਇਸ ਲਈ ਅੱਜ ਤੋਂ ਹੀ ਅਸੰਭਵ ਸ਼ਬਦ ਨੂੰ ਸਦਾ-ਸਦਾ ਲਈ ਤਿਲਾਂਜਲੀ ਦੇ ਕੇ ਆਪਣੀਆਂ ਵਿੱਦਿਅਕ, ਨੈਤਿਕ ਅਤੇ ਸਾਹਿਤਕ ਰੁਚੀਆਂ ਪ੍ਰਤੀ ਕੇਂਦਰਤ ਹੋ ਜਾਵੋ ।ਸਮੁੱਚਾ ਦੇਸ਼ ਤੁਹਾਡੇ ਰੌਸ਼ਨ ਕਦਮਾਂ ਨੂੰ ਉਡੀਕ ਰਿਹਾ ਹੈ।

**-ਸੁਰਿੰਦਰ ਪਾਲ ਕੌਰ ਧਨੌਲਾ (ਬਰਨਾਲਾ)**


# Injured in an accident? ICBC claim?

## We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੌਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa, *B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

**T 604 449 7500**

#205 – 7134 King George Boulevard, Surrey, BC V3W 5A3


• F 604 449 7501 • TF 1 888 449 7573 • www.rmlawyers.ca




**7050 120 Street, Surrey, British Columbia V3W 3M8, Tel: (604) 598-1300 Fax (604) 594-1669**

# ਇਸ ਹਫਤੇ ਦੇ ਪ੍ਰੋਗਰਾਮ



ਐਤਵਾਰ 22 ਜਨਵਰੀ 2023 ਦਿਨ ਦੇ ਵਿਸ਼ੇਸ਼ ਦੀਵਾਨ
ਚਾਬੀਆਂ ਦਾ ਮੋਰਚਾ ਅਤੇ ਸ਼ਹੀਦੀ ਦਿਹਾੜਾ ਭਾਈ ਗੁਰਸਾਹਿਬ ਸਿੰਘ ਮੰਡਿਆਲਾ
ਨੂੰ ਸਮਰਪਿਤ ਹੋਣਗੇ

### 19 ਜਨਵਰੀ ਦਿਨ ਵੀਰਵਾਰ

*ਦੁਪਹਿਰ 2 ਵਜੇ ਅਰੰਭ ਸ਼੍ਰੀ ਅਖੰਡ ਪਾਠ ਸਾਹਿਬ ਕਰਨਜੋਤ ਸਿੰਘ ਸੋਢੀ ਨਮਿਤ

*ਸ਼ਾਮ 3.30 ਵਜੇ ਅਰੰਭ ਸ਼੍ਰੀ ਅਖੰਡ ਪਾਠ ਸਾਹਿਬ ਕਾਕਾ ਤਰਨ ਸਿੰਘ ਲਾਲ ਨਮਿਤ

### 20 ਜਨਵਰੀ ਦਿਨ ਸ਼ੁੱਕਰਵਾਰ

*ਸਵੇਰੇ 10 ਵਜੇ ਅਰੰਭ 4 ਸ੍ਰੀ ਅਖੰਡ ਪਾਠ ਸਾਹਿਬ

1. ਪਿੰਡ ਕੋਹਾਲਾ ਜ਼ਿਲ੍ਹਾ ਜਲੰਧਰ ਦੀ ਸਮੂਹ ਸੰਗਤ ਵੱਲੋਂ
2. ਗਗਨ ਸਿੰਘ ਪਰਿਵਾਰ ਵਲੋਂ
3. ਪਿੰਡ ਤੁਗਲ ਜ਼ਿਲਾ ਲੁਧਿਆਣਾ ਦੀ ਸਮੂਹ ਸੰਗਤ ਵੱਲੋਂ
4. ਕਰਨੈਲ ਸਿੰਘ ਥਿੰਦ ਅਤੇ ਪਰਿਵਾਰ ਵੱਲੋਂ

*ਸ਼ਾਮ 7 ਵਜੇ ਸਵੇਰੇ ਅਨੰਦ ਕਾਰਜ ਗਗਨਦੀਪ ਸਿੰਘ ਅਤੇ ਪਰਿਵਾਰ ਵੱਲੋਂ

*ਸ਼ਾਮ 5 ਵਜੇ ਭੋਗ ਸ੍ਰੀ ਸਹਿਜ ਪਾਠ ਸਾਹਿਬ ਕੀਰਤਨ ਅਤੇ ਸ਼ਾਮ ਦੇ ਲੰਗਰਾਂ ਦੀ ਸੇਵਾ ਗੁਰਚਰਨ ਸਿੰਘ ਸੰਘੇੜਾ ਅਤੇ ਪਰਿਵਾਰ ਵੱਲੋਂ

### 21 ਜਨਵਰੀ ਦਿਨ ਸ਼ਨਿਚਰਵਾਰ

*ਸਵੇਰੇ 11 ਵਜੇ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ ਗੁਰਜੀਤ ਸਿੰਘ ਅਤੇ ਪਰਿਵਾਰ ਵੱਲੋਂ ਸਰਦਾਰ ਮਹਿੰਦਰ ਸਿੰਘ ਬੋਇਲ ਦੀ ਯਾਦ ਵਿੱਚ

*ਸਵੇਰੇ 11 ਵਜੇ ਸ੍ਰੀ ਸਹਿਜਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਕੁਲਪਾਲ ਸਿੰਘ ਅਤੇ ਪਰਿਵਾਰ ਵੱਲੋਂ

*ਦੁਪਹਿਰ 12.30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਹਰਜੀਵਨ ਸਿੰਘ ਪਰਿਵਾਰ ਵੱਲੋਂ ਅਤੇ ਲੰਗਰਾਂ ਦੀ ਸੇਵਾ

*ਦਾਹ ਸੰਸਕਾਰ ਕਰਨਜੋਤ ਸਿੰਘ ਸੋਢੀ ਦੁਪਹਿਰ 12.30 ਵਜੇ ਰਿਵਰਸਾਇਡ ਵਿਖੇ ਹੋਵੇਗਾ, 2 ਵਜੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ

*ਦਾਹ ਸੰਸਕਾਰ ਕਾਕਾ ਤਰਨ ਸਿੰਘ ਲਾਲ ਸ਼ਾਮ 3 ਵਜੇ ਰਿਵਰਸਾਇਡ ਵਿਖੇ ਹੋਵੇਗਾ 4.30 ਵਜੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ।

### 22 ਜਨਵਰੀ ਦਿਨ ਐਤਵਾਰ

*ਸਵੇਰੇ 8.30 ਵਜੇ ਭੋਗ 4 ਸ੍ਰੀ ਅਖੰਡ ਪਾਠ ਸਾਹਿਬ

*ਸਵੇਰੇ 10.30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ ਕਿਰਨਜੋਤ ਕੌਰ ਚੌਹਾਨ ਅਤੇ ਪਰਿਵਾਰ ਵੱਲੋਂ

*ਦੁਪਹਿਰ 12 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ ਜਸਵਿੰਦਰ ਸਿੰਘ ਅਤੇ ਪਰਿਵਾਰ ਵੱਲੋਂ

*ਸ਼ਾਮ 4 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਭੁਪਿੰਦਰ ਸਿੰਘ ਅਤੇ ਪਰਿਵਾਰ ਵੱਲੋਂ

## ਬੱਚਿਆਂ ਦਾ ਵਿਸ਼ੇਸ਼ ਪ੍ਰੋਗਰਾਮ
## ਬਸੰਤ ਰਾਗ ਤੇ ਅਧਾਰਿਤ
## ਕੀਰਤਨ ਦਰਬਾਰ

19 ਫਰਵਰੀ ਦਿਨ ਐਤਵਾਰ
ਸ਼ਾਮ 5:30 ਵਜੇ 9 ਵਜੇ ਤਕ



## FAKE INDIAN DEMOCRACY

**SIKH POLITICAL PRISONERS STILL IN CUSTODY AFTER COMPLETING SENTENCE**



28 Years in Jail | 27 Years in Jail | 27 Years in Jail | 17 Years in Jail

**26th January - Black Day for Sikhs & minorities in India**

**JUSTICE DELAYED IS JUSTICE DENIED**

ਸਜ਼ਾਵਾਂ ਪੂਰੀਆਂ ਹੋਣ ਤੋਂ ਬਾਅਦ ਵੀ ਜੇਲਾਂ ਵਿੱਚ ਕੈਦ ਸਿੱਖਾਂ ਦੀ ਆਵਾਜ਼ ਬੁਲੰਦ ਕਰਣ ਲਈ ਹੁੰਮ ਹੁੰਮਾ ਕੇ ਪਹੁੰਚੋ



25 Years in Jail | 27 Years in Jail | 27 Years in Jail | 27 Years in Jail | 32 Years in Jail

ਅਪੀਲ
ਅਜ਼ਾਦੀ ਪਸੰਦ ਸਿੱਖ ਜਥੇਬੰਦੀਆਂ
ਅਤੇ ਗੁਰਦੁਵਾਰਾ ਸਾਹਿਬਾਨ, ਵੈਨਕੂਵਰ

**Front of Indian Counsulate Office**
325 Howe St, Vancouver, BC V6C 1Z7
**Thursday, 26th January at 11am**
BUS SERVICE FROM GURDWARA SAHIB AT 9AM

ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।

ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ।ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ

*ਕੀਰਤਨ *ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ
*ਪੰਜਾਬੀ ਕਲਾਸਾਂ *ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ

## ਰਾਗੀ ਜੱਥੇ

ਰਾਗੀ ਜਥਾ ਭਾਈ ਬਲਜਿੰਦਰ ਸਿੰਘ ਜੀ ਬੰਬੇ ਵਾਲੇ,
ਰਾਗੀ ਜਥਾ ਭਾਈ ਜਸਪ੍ਰੀਤ ਸਿੰਘ ਜੀ, ਰਾਗੀ ਜਥਾ ਭਾਈ ਭਗਤਜੀਤ ਸਿੰਘ ਜੀ
ਭਾਈ ਗੁਰਦੀਪ ਸਿੰਘ ਜੀ ਦਾ ਜਥਾ

## ਕਥਾਵਾਚਕ

ਭਾਈ ਜਸਵਿੰਦਰ ਸਿੰਘ ਜੀ

## ਢਾਡੀ ਜਥਾ

ਭਾਈ ਜਗਦੇਵ ਸਿੰਘ ਜਾਚਕ

# ਖ਼ਾਲਸਾ ਦੀਵਾਨ ਸੁਸਾਇਟੀ ਨਿਊਵੈਸਟ ਗੁਰਦਵਾਰਾ ਸੁੱਖ ਸਾਗਰ ਵਿਖੇ ਕੈਨੇਡਾ ਦੇ ਪਹਿਲੇ ਸ਼ਹੀਦ ਭਾਈ ਮੇਵਾ ਸਿੰਘ ਦੀ ਯਾਦ ਵਿਚ ਵਿਸ਼ੇਸ਼ ਸਮਾਗਮ ਹੋਏ











ਨਿਊਵੈਸਟ:ਖਾਲਸਾ ਦੀਵਾਨ ਸੁਸਾਇਟੀ ਨਿਊ ਵੈਸਟ ਗੁਰਦਵਾਰਾ ਸੁੱਖ ਸਾਗਰ ਵੱਲੋਂ 14 ਜਨਵਰੀ ਦਿਨ ਸ਼ਨੀਵਾਰ ਨੂੰ ਇੱਕ ਵਿਸ਼ੇਸ਼ ਸਮਾਗਮ ਅਯੋਜਿਤ ਕੀਤਾ ਗਿਆ।ਜਿਸ ਵਿੱਚ ਬੁਲਾਰਿਆਂ ਨੇ ਸ਼ਹੀਦ ਭਾਈ ਮੇਵਾ ਸਿੰਘ ਦੇ ਜੀਵਨ ਅਤੇ ਕੁਰਬਾਨੀ ਬਾਰੇ ਵਡਮੁੱਲੇ ਵੀਚਾਰਾਂ ਰਾਹੀਂ ਚਾਨਣਾ ਪਾਇਆ।ਵੱਖ ਵੱਖ ਬੁਲਾਰਿਆਂ ਨੇ ਉਸ ਸਮੇਂ ਦੇ ਹਾਲਤ ਅਤੇ ਸਿੱਖਾਂ ਨਾਲ ਹੋ ਵਿਤਕਰਿਆਂ ਦਾ ਵਰਨਣ ਕੀਤਾ। ਸ਼ਹੀਦ ਭਾਈ ਮੇਵਾ ਸਿੰਘ ਨੇ ਸਿੱਖੀ ਸਿਧਾਂਤਾ ਤੇ ਪਹਿਰਾ ਦਿੰਦੇ ਹੋਏ ਸ਼ਹਾਦਤ ਦਾ ਜਾਮ ਪੀਤਾ।ਅੱਜ ਜੋ ਵੀ ਅਨੰਦ ਅਸੀਂ ਕੈਨੇਡਾ ਵਿੱਚ ਮਾਣ ਰਹੇ ਹਾਂ ਇਹ ਭਾਈ ਮੇਵਾ ਸਿੰਘ ਦੀ ਬਦੌਲਤ ਹੈ।ਪਰ ਅੱਜ ਕਈ ਪੰਥ ਦੋਖੀ ਲੋਕਾਂ ਨੇ ਮੇਵਾ ਸਿੰਘ ਦੀ ਯਾਦ ਤਾਂ ਕੀ ਮਨਾਉਂਣੀ ਹੈ ਸਗੋਂ ਉਹ ਕੰਮ ਕਰ ਰਹੇ ਹਨ ਜੋ ਉਸ ਸਮੇਂ ਗਦਾਰ ਬੇਲਾ ਸਿੰਘ ਕਰਿਆ ਕਰਦਾ ਸੀ।ਇਸ ਮੌਕੇ ਗੱਲਬਾਤ ਕਰਦਿਆਂ ਡਾਕਟਰ ਗੁਰਵਿੰਦਰ ਸਿੰਘ ਨੇ ਕਿਹਾ ਕਿ ਨਵੀਂ ਪੀੜੀ ਨੂੰ ਭਾਈ ਮੇਵਾ ਸਿੰਘ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਹੈ। ਇਤਿਹਾਸ ਨੂੰ ਦਰੁਸਤ ਕਰਵਾ ਕੇ ਸ਼ਹੀਦ ਭਾਈ ਮੇਵਾ ਸਿੰਘ ਜੀ ਨੂੰ ਕੈਨੇਡਾ ਦੇ ਮਹਾਨ ਸ਼ਹੀਦ ਵਜੋਂ ਉਜਾਗਰ ਕਰਨ ਲਈ ਸਿੱਖ ਭਾਈਚਾਰੇ ਵੱਲੋਂ ਉਤਸ਼ਾਹ ਨਾਲ ਵੱਡੇ ਪੱਧਰ 'ਤੇ ਸ਼ਹੀਦੀ ਦਿਹਾੜਾ ਮਨਾਇਆ ਜਾਏ। ਸਿਆਸਤਦਾਨਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਭਾਈ ਸਾਹਿਬ ਸਦਕਾ ਇਹਨਾਂ ਕੁਰਸੀਆਂ ਲਈਆਂ ਹਨ, ਪਰ ਸ਼ਹੀਦ ਮੇਵਾ ਸਿੰਘ ਵਰਗੇ ਯੋਧਿਆਂ ਨੂੰ ਵਿਸਾਰ ਦੇਣਾ ਵੱਡੀ ਅਕ੍ਰਿਤਘਣਤਾ ਹੈ। ਇਸ ਮੌਕੇ ਤੇ ਚੱਕ ਪਕ ਮਏਰ, ਵੈਸਟਮਨਿਸਟਰ ਦੇ ਸਾਬਕਾ ਕੌਂਸਲਰ ਨੇ ਵਿਸ਼ੇਸ਼ ਵਿਚਾਰ-ਚਰਚਾ ਵਿੱਚ ਹਿੱਸਾ ਲਿਆ ਅਤੇ ਕਿਹਾ ਕਿ ਭਾਈ ਸਾਹਿਬ ਦੇ ਨਾਂ ਤੇ ਉਨ੍ਹਾਂ ਵੱਲੋਂ 11 ਜਨਵਰੀ ਦਾ ਦਿਨ 'ਸ਼ਹੀਦ ਮੇਵਾ ਸਿੰਘ ਲੋਪੋਕੇ ਦਿਨ' ਐਲਾਨ ਕਰਨਾ ਵਾਲੀ ਗੱਲ ਹੈ। ਭਾਈ ਸਾਹਿਬ ਭਾਈ ਗਿਆਨੀ ਹਰਪਾਲ ਸਿੰਘ ਜੀ ਨੇ ਸਿੱਖ ਇਤਿਹਾਸ ਅਤੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਬਾਰੇ ਵਿਚਾਰਾਂ ਸਾਂਝੀਆਂ ਕੀਤੀਆਂ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਹਰਭਜਨ ਸਿੰਘ ਅਟਵਾਲ ਅਤੇ ਸਮੂਹ ਸੰਗਤਾਂ ਵੱਲੋਂ ਸੈਮੀਨਾਰ ਦੇ ਬੁਲਾਰਿਆਂ ਨੂੰ ਸਨਮਾਨਿਤ ਕੀਤਾ ਗਿਆ। ਭਾਈ ਸੁਲੱਖਣ ਸਿੰਘ ਜੀ ਨੇ ਸਟੇਜ ਦਾ ਸੰਚਾਲਨ ਬਾਖੂਬੀ ਨਿਭਾਇਆ। ਸੰਗਤਾਂ ਦੇ ਭਾਰੀ ਇਕੱਠ ਨੇ ਭਾਈ ਮੇਵਾ ਸਿੰਘ ਲੋਪੋਕੇ ਜੀ ਨੂੰ ਸਮਰਪਤ ਇਸ ਸੈਮੀਨਾਰ ਨੂੰ ਯਾਦਗਾਰੀ ਬਣਾ ਦਿੱਤਾ।

ਗੁਰਦਵਾਰਾ ਸੁਖ ਸਾਗਰ ਨਿਊ ਵੈਸਟ ਦੀ ਪ੍ਰਬੰਧਕ ਕਮੇਟੀ ਵਧਾਈ ਦੀ ਪਾਤਰ ਹੈ ਜਿਨਾ ਨੇ ਸ਼ਹੀਦ ਮੇਵਾ ਸਿੰਘ ਤੇ ਸੈਮੀਨਾਰ ਕਰਵਾਇਆ ਅਤੇ ਆਏ ਬੁਲਾਰਿਆਂ ਦਾ ਸਨਮਾਨ ਕੀਤਾ।

DHALIWAL GROUP OF COMPANIES








ਅਸੀਂ ਜਿੰਨੇ ਮਰਜੀ ਬੰਦਿਆਂ ਦੀ ਕੇਟਰਿੰਗ ਵੀ ਕਰਦੇ ਹਾਂ

ਅਸੀਂ ਤੁਹਾਡੇ ਘਰ ਤੰਦੂਰ ਲਾ ਕੇ ਕੇਟਰਿੰਗ ਕਰਦੇ ਹਾਂ- ਵੈਜ ਅਤੇ ਨਾਨ ਵੈਜ

ਇੰਡੀਆ ਵਰਗੇ ਖੋਏ ਦੀ ਸਪੈਸ਼ਲ ਬਰਫੀ

ਅਸੀਂ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਦੀ ਕੇਟਰਿੰਗ ਕਰਦੇ ਹਾਂ

604-543-2222

Dhaliwal Sweets
2636 Cedar Park Place
Abbotsford
604.852.2345

Dhaliwal Banquet Hall
Surrey
604-598-1165

Dhoom Restaurant
York Centre Surrey
604-543-2222

Dhaliwal Sweets
Surrey
604-596-1312

Dhaliwal Pizza & Bakery
#104-7790-128 St. Surrey
(Near 78th Ave.)
604-598-8889

Dhoom Restaurant & Bar Vancouver
604-325-4911

Dhaliwal Sweets
Vancouver
604-325-4911

Himalaya Dairy
Surrey
604-543-2421

www.DhoomRestaurant.com

# NEXTRUX TRANSPORT LTD




MB BRAR & Co.
Accounting & Business Professionals

## INCOME TAX ਇਨਕਮ ਟੈਕਸ

Nil Income Still Eligible For Refunds. E-file For Faster Refunds

**ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:**

For Prompt, Polite And Professional Services, Please See Us

- Personal Tax (T1)
- Sole Proprietor
- Corporate Tax (T2)
- Partnerships
- GST, PST & HST
- WCB
- CRA Reviews
- Business Planning

- ਪਰਸਨਲ ਟੈਕਸ
- ਪ੍ਰੋਪਰਾਇਟਰ
- ਕੋਰਪੋਰੇਟ ਟੈਕਸ
- ਪਾਰਟਨਰਸ਼ਿਪ
- ਜੀ.ਐਸ.ਟੀ., ਪੀ.ਐਸ.ਟੀ. ਅਤੇ ਐਚ.ਐਸ.ਟੀ.
- ਡਬਲਿਊ.ਸੀ.ਬੀ.
- ਸੀ.ਆਰ.ਏ. ਰਿਵੀਊਜ਼
- ਬਿਜਨਿਸ ਪਲੈਨਿੰਗ

All Revenue Canada applications and inquiries.

**Mandeep Brar: 778-908-3317**
mandeep@brarco.ca



## Continental Immigration Solutions

"Helping Make Canada Home"

- Super Visa
- Permanent Residence
- Study Permit
- Work Permit
- Provincial Nominations
- Spousal Sponsorship

- ਸੁਪਰ ਵੀਜਾ
- ਪਰਮਾਨੈਂਟ ਰੇਜੀਡੈਂਸ
- ਸਟੱਡੀ ਪਰਮਿਟ
- ਵਰਕ ਪਰਮਿਟ
- ਪ੍ਰੋਵਿੰਸ਼ੀਅਲ ਨੌਮੀਨੇਸ਼ਨਜ
- ਪਤੀ/ਪਤਨੀ ਸਪੌਂਸਰਸ਼ਿਪ

**Sukhvir Chand** RCIC, BBA **778-549-6851**
sukh@cisonline.ca

www.cisonline.ca
Commissioner of Oaths for British Columbia
Member of CAPIC

Unit 101 32883 South Fraser Way Abbotsford British Columbia V2S 2A6 | Tel: 604-852-3201 | Fax: 604-852-3284

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*20 ਜਨਵਰੀ ਦਿਨ ਸ਼ੁੱਕਰਵਾਰ ਸ. ਜਸਵੰਤ ਸਿੰਘ ਸਿੱਧੂ ਦੇ ਗ੍ਰਹਿ ਵਿਖੇ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 22 ਜਨਵਰੀ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ।

*21 ਜਨਵਰੀ ਦਿਨ ਸ਼ਨਿਚਰਵਾਰ ਅਨੰਦਕਾਰਜ ਦੀ ਰਸਮ ਹੋਵੇਗੀ।

*22 ਜਨਵਰੀ ਦਿਨ ਐਤਵਾਰ ਸ. ਪ੍ਰਦੀਪ ਸਿੰਘ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ।

*24 ਜਨਵਰੀ ਦਿਨ ਮੰਗਲਵਾਰ ਨੂੰ ਸਹਿਜਪਾਠ ਦੇ ਭੋਗ ਪਾਏ ਜਾਣਗੇ।

**22 ਜਨਵਰੀ ਦਿਨ ਐਤਵਾਰ ਨੂੰ ਵਿਸ਼ੇਸ਼ ਦੀਵਾਨ ਸਜਣਗੇ ਜਿਸ ਵਿਚ ਉੱਘੇ ਰਾਗੀ, ਕਥਾ ਵਾਚਕ, ਕਵੀਸ਼ਰੀ ਜਥਾ ਤੇ ਹੋਰ ਵਿਦਵਾਨ ਸੰਗਤਾਂ ਨੂੰ ਨਿਹਾਲ ਕਰਨਗੇ।**

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ: 1. ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ 2. ਭਾਈ ਰੇਸ਼ਮ ਸਿੰਘ ਲੁਧਿਆਣੇ ਵਾਲੇ

*ਕਥਾ ਵਾਚਕ -ਭਾਈ ਮਨਜੀਤ ਸਿੰਘ ਚਕਰ *ਕਵੀਸ਼ਰ ਭਾਈ ਵੀਰਭਾਨ ਸਿੰਘ ਮੌੜ ਮਾਲਵਾ

### ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਗਿਆਨੀ ਬਲਰਾਜ ਸਿੰਘ (ਹੈੱਡ ਗ੍ਰੰਥੀ):236-887-5274

# ਭਾਰਤ ਦਾ ਦਰਜ਼ਾ ਉੱਚਾ ਕਿਉਂ ਹੈ?

ਸਰਕਾਰਾਂ ਆਖਣਗੀਆਂ ਕਿ ਅਸੀ ਗ਼ਰੀਬ ਬੱਚਿਆਂ ਨੂੰ ਦਿਨ ਦਾ ਇਕ ਸਮੇਂ ਦਾ ਭੋਜਨ ਕਰਵਾਉਂਦੇ ਹਾਂ ਤੇ ਗ਼ਰੀਬਾਂ ਨੂੰ ਚਾਵਲ, ਦਾਲ ਤੇ ਕਣਕ ਦੇਂਦੇ ਹਾਂ। ਪਰ ਕੀ ਇਕ ਡੰਗ ਦਾ ਭੋਜਨ ਇਨਸਾਨ ਵਾਸਤੇ ਕਾਫ਼ੀ ਹੁੰਦਾ ਹੈ ? ਕੀ ਸਾਡੇ ਅਡਾਨੀ, ਅੰਬਾਨੀ ਇਸ ਇਕ ਡੰਗ ਦੇ ਭੋਜਨ ਨਾਲ ਅਪਣਾ ਗੁਜ਼ਾਰਾ ਕਰ ਸਕਦੇ ਹਨ? ਅਮਰੀਕਾ ਦੇ ਅਮੀਰ ਤੇ ਆਮ ਲੋਕ ਇਕ ਦੂਜੇ ਵਰਗੇ ਹੀ ਦਿਸਦੇ ਹਨ ਪਰ ਕੀ ਸਾਡਾ ਕਿਸਾਨ,ਅੰਬਾਨੀ, ਅਡਾਨੀ ਵਾਂਗ ਦਿਸਦਾ ਹੈ ?

ਇਨ੍ਹਾਂ ਦੀਆਂ ਤਸਵੀਰਾਂ ਦਾ ਅੰਤਰ ਹੀ ਸਾਡੇ ਦੇਸ਼ ਵਿਚ ਵਧਦੀ ਭੁੱਖਮਰੀ ਦਾ ਸੱਚ ਬਿਆਨ ਕਰਦਾ ਹੈ। ਸੂਚੀ ਵਿਚ, 121 ਦੇਸ਼ਾਂ ਵਿਚੋਂ ਭਾਰਤ ਦੀ ਪੁਜ਼ੀਸ਼ਨ 107 ‘ਤੇ ਹੈ ਅਤੇ ਪਾਕਿਸਤਾਨ 89 ‘ਤੇ ਹੈ। ਇਹ ਕਿਸ ਤਰ੍ਹਾਂ ਮੁਮਕਿਨ ਹੈ ਕਿ ਜਦ ਭਾਰਤ ਇੱਕ ਲੋਕਤੰਤਰੀ ਦੇਸ਼ ਹੈ। ਫਿਰ ਵੀ ਅੰਤਰ-ਰਾਸ਼ਟਰੀ ਭੁੱਖਮਰੀ ਸਰਵੇਖਣ ਆਖਦਾ ਹੈ ਕਿ ਭਾਰਤ ਵਿਚ ਹਾਲਾਤ ਮਾੜੇ ਹਨ, ਕਿਉਂ ?

ਜੇ ਆਬਾਦੀ ਮੁਤਾਬਕ ਔਸਤ ਦੀ ਗੱਲ ਕਰੀਏ ਤਾਂ ਅਸੀ ਅਪਣੇ ਦੇਸ਼ ਬਾਰੇ ਫ਼ੈਸਲਾ ਅਡਾਨੀ ਅਤੇ ਸੜਕ ‘ਤੇ ਰਹਿਣ ਵਾਲਿਆਂ ਵਿਚਕਾਰ ਨਹੀਂ ਕਰ ਸਕਦੇ ਕਿਉਂਕਿ ਇਨ੍ਹਾਂ ਦੋਹਾਂ ਦੇ ਮੁਕਾਬਲੇ ਵਿਚੋਂ ਔਸਤ ਨਹੀਂ ਨਿਕਲਦੀ। ਅਮਰੀਕਾ ਜੋ ਕਿ ਦੁਨੀਆਂ ਦਾ ਸੱਭ ਤੋਂ ਅਮੀਰ ਦੇਸ਼ ਹੈ, ਉਸ ਵਿਚ ਵੀ ਗ਼ਰੀਬ,ਨਸ਼ੇੜੀ ਹੁੰਦੇ ਹਨ ਪਰ ਫ਼ੈਸਲਾ ਉਨ੍ਹਾਂ ਦੇ ਆਧਾਰ ‘ਤੇ ਨਹੀਂ ਹੁੰਦਾ। ਭਾਰਤ ਦੀ ਆਬਾਦੀ ਦੁਨੀਆਂ ਵਿਚ ਸੱਭ ਤੋਂ ਵੱਧ ਆਬਾਦੀ ਬਣ ਜਾਣ ਵਿਚ ਬਹੁਤ ਘੱਟ ਸਮਾਂ ਰਹਿ ਗਿਆ ਹੈ। ਪਾਕਿਸਤਾਨ ਦੀ ਆਬਾਦੀ ਕੇਵਲ 23.14 ਕਰੋੜ ਹੈ ਤੇ ਅਫ਼ਗ਼ਾਨਿਸਤਾਨ ਦੀ ਆਬਾਦੀ ਕੇਵਲ 3.69 ਕਰੋੜ ਹੈ ਅਤੇ ਭਾਰਤ ਦੀ 132 ਕਰੋੜ ਹੈ। ਸਾਡੀ ਆਮ ਜਨਤਾ ਦੀ ਆਬਾਦੀ ਬਾਰੇ ਜਦ 70 ਫ਼ੀ ਸਦੀ ਦੀ ਗੱਲ ਹੁੰਦੀ ਹੈ ਤਾਂ ਉਹ ਪਾਕਿਸਤਾਨ ਦੀ ਪੂਰੀ ਆਬਾਦੀ ਤੋਂ’ ਤਿਗਣੀ ਹੋ ਜਾਂਦੀ ਹੈ। ਜਦ ਖੋਜ ਸਿੱਧ ਕਰੇ ਕਿ ਸਾਡੀ 70 ਫ਼ੀ ਸਦੀ ਆਬਾਦੀ, ਯਾਨੀ 90 ਕਰੋੜ ਲੋਕ ਹਰ ਰੋਜ਼ ਪੇਟ ਭਰ ਖਾਣਾ ਨਹੀਂ ਖਾ ਸਕਦੇ ਤਾਂ ਫਿਰ ਤੁਸੀ ਪਾਕਿਸਤਾਨ ਦੀ ਭੁੱਖਮਰੀ ਨੂੰ ਪਿੱਛੇ ਛੱਡ ਜਾਂਦੇ ਹੋ। ਇਹ ਸੱਚ ਐਕੜਿਆਂ ‘ਤੇ ਨਿਰਭਰ ਨਹੀਂ ਕਰਦਾ ਸਗੋਂ ਇਹ ਸੱਚ ਤੁਹਾਡੀਆਂ ਅੱਖਾਂ ਸਾਹਮਣੇ ਹੈ, ਭਾਵੇਂ ਤੁਸੀ ਅਫ਼ਸਰ ਹੋ ਜਾਂ ਕਾਰੋਬਾਰੀ।

ਇਹ ਉਹ ਲੋਕ ਹਨ ਜਿਨ੍ਹਾਂ ਨੇ 5000 ਦੀ ਕਮਾਈ ਨਾਲ 6 ਬੱਚਿਆਂ ਦਾ ਪੇਟ ਭਰਨਾ ਹੁੰਦਾ ਹੈ। ਜਦ ਭਾਰਤ ਦਾ ਕਿਸਾਨ ਮੁਸ਼ਕਲਾਂ ਵਿਚ ਹੋਵੇਗਾ, ਜਦ ਉਹ ਮੁਠੀ ਭਰ ਕਰਜ਼ੇ ਦੀ ਅਦਾਇਗੀ ਨਾ ਕਰ ਸਕਣ ਕਰ ਕੇ ਖ਼ੁਦਕੁਸ਼ੀ ਕਰੇਗਾ ਤਾਂ ਫਿਰ ਉਸ ਦੇ ਖੇਤੀ ਨਾਲ ਜੁੜੇ ਪ੍ਰਵਾਰਾਂ ਦਾ ਕੀ ਹਾਲ ਹੋਵੇਗਾ ?

-- ਨਿਮਰਤ ਕੌਰ

## ਦਿੱਲੀ ‘ਚ ਪ੍ਰਦੂਸ਼ਣ ਅਤੇ ਲੋਕਾਂ ਦਾ ਭਵਿੱਖ



ਦਿੱਲੀ:ਤਸਵੀਰਾਂ ‘ਚ ਤੁਸੀਂ ਦੇਖ ਸਕਦੇ ਹੋ ਕਿ ਕਿਵੇਂ ਦਿੱਲੀ ਵਾਸੀ ਮਾਸਕ ਪਾ ਕੇ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਹਨ। ਇਹ ਮਾਸਕ ਬਹੁਤ ਖਤਰਨਾਕ ਹੈ। ਜੇਕਰ ਦੇਖਿਆ ਜਾਵੇ ਤਾਂ ਇਹ ਤਸਵੀਰਾਂ ਸਾਡੇ ਲਈ ਬਹੁਤ ਮਹੱਤਵਪੂਰਨ ਹਨ। ਦਿੱਲੀ ‘ਚ ਪ੍ਰਦੂਸ਼ਣ ਹੋਣ ‘ਤੇ ਲੋਕਾਂ ਦਾ ਇਹੀ ਹਾਲ ਹੋਵੇਗਾ। ਇੱਥੇ ਲੋਕਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦਿੱਲੀ ਵਿੱਚ ਪ੍ਰਦੂਸ਼ਣ ਤੋਂ ਬਚਣ ਲਈ ਕਈ ਉਪਾਅ ਕੀਤੇ ਜਾ ਰਹੇ ਹਨ, ਪਰ ਇਹ ਉਪਾਅ ਹੁਣ ਤੱਕ ਕੰਮ ਨਹੀਂ ਕਰ ਸਕੇ ਹਨ। ਹਾਲ ਹੀ ‘ਚ ਇਕ ਆਰਟੀਫਿਸ਼ੀਅਲ ਇੰਟੈਲੀਜੈਂਸ ਕਲਾਕਾਰ ਨੇ ਕਈ ਤਸਵੀਰਾਂ ਬਣਾਈਆਂ ਹਨ, ਜਿਨ੍ਹਾਂ ਨੂੰ ਦੇਖ ਕੇ ਤੁਸੀਂ ਮਹਿਸੂਸ ਕਰੋਗੇ ਕਿ ਤੁਸੀਂ ਦਿੱਲੀ ਦਾ ਭਵਿੱਖ ਦੇਖ ਰਹੇ ਹੋ।










# ਬਿਪਰੀ ਵਿਚਾਰਧਾਰਾ ਭਾਰਤੀ ਖਿੱਤੇ ਨੂੰ ਬਹੁਤ ਹੀ ਖ਼ਤਰਨਾਕ ਹਾਲਾਤ ਵੱਲ ਧੱਕ ਰਹੀ ਹੈ

ਫਿਰਕਾਪ੍ਰਸਤੀ, ਵਿਤਕਰੇਬਾਜ਼ੀ ਤੇ ਨਾਬਰਾਬਰੀ ’ਤੇ ਉਸਰੀ ਤੇ ਮਨੁਖਤਾ ਵਿੱਚ ਵੰਡੀਆਂ ਪਾਉਣ ਵਾਲੀ ਹਿੰਦੂਤਵੀ ਬਿਪਰੀ ਵਿਚਾਰਧਾਰਾ ਭਾਰਤੀ ਉਪਮਹਾਂਦੀਪ ਦੇ ਖਿੱਤੇ ਨੂੰ ਬਹੁਤ ਹੀ ਖ਼ਤਰਨਾਕ ਹਾਲਾਤ ਵੱਲ ਧੱਕ ਰਹੀ ਹੈ। ਬਿਪਰਵਾਦੀ ਸੋਚ ਦੇ ਧਾਰਨੀ ਹਿੰਦੂ ਸੰਗਠਨ ਆਰ. ਐਸ.ਐਸ. ਦੇ ਮੁਖੀ ਦਾ ਤਾਜ਼ਾ ਬਿਆਨ, “ਹਿੰਦੂ ਬੀਤੇ 1000 ਸਾਲ ਤੋਂ ਜੰਗ ਦੇ ਹਾਲਾਤ ਵਿਚ ਹਨ ਅਤੇ ਉਹਨਾ ਦਾ ਹਮਲਾਵਰ ਹੋਣਾ ਸੁਭਾਵਕ ਹੀ ਹੈ”, ਇਸ ਉਪਦੀਪ ਤੇ ਇਥੇ ਰਹਿੰਦੀਆਂ ਧਾਰਮਿਕ ਘੱਟਗਿਣਤੀ ਕੌਮਾਂ, ਖ਼ਾਸ ਕਰਕੇ ਮੁਸਲਮਾਨਾਂ ਲਈ ਆ ਰਹੇ ਭਿਆਨਕ ਖ਼ਤਰੇ ਦੀ ਘੰਟੀ ਹੈ। ਸੰਸਾਰ ਵਿੱਚ ਨਸਲਕੁਸ਼ੀ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਖ਼ੁਦ ਨੂੰ ਉੱਤਮ ਅਤੇ ਬਾਕੀਆਂ ਨੂੰ ਦੋਮ ਦੱਸਣ ਵਾਲੀਆਂ ਫਿਰਕੂ ਨਸਲੀ ਵਿਚਾਰਧਾਰਾਵਾਂ ਜਦੋਂ ਰਾਜਸਤਾ ’ਤੇ ਕਾਬਜ਼ ਹੋ ਜਾਂਦੀਆਂ ਹਨ ਤਾਂ ਉਹਨਾਂ ਵੱਲੋਂ ਘੱਟਗਿਣਤੀ ਕੌਮਾਂ ਤੇ ਭਾਈਚਾਰਿਆਂ ਨੂੰ ਬੀਤੇ ਸਮੇ ਵਿਚ ਵਾਪਰੀਆਂ ਦੁਖਦਾਈ ਘਟਨਾਵਾਂ ਤੇ ਪੈਦਾ ਹੋਈਆਂ ਮੁਸੀਬਤਾਂ ਲਈ ਜਿੰਮੇਵਾਰ ਠਹਿਰਾਇਆ ਜਾਂਦਾ ਹੈ ਅਤੇ ਉਹਨਾਂ ਵਿਰੁੱਧ ਹੋ ਰਹੇ ਨਫਰਤੀ ਪ੍ਰਚਾਰ ਤੇ ਜੁਲਮਾਂ ਨੂੰ ਬੀਤੇ ਦੀਆਂ ਮੁਸੀਬਤਾਂ ਵਿਰੁੱਧ ਆਈ ਜਾਗ੍ਰਿਤੀ ਦਾ ਪ੍ਰਗਟਾਵਾ ਦੱਸਿਆ ਜਾਂਦਾ ਹੈ। ਅਜਿਹਾ ਕਰਕੇ ਇਹਨਾਂ ਘੱਟਗਿਣਤੀ ਕੌਮਾਂ ਤੇ ਭਾਈਚਾਰਿਆਂ ਦੀ ਨਸਲਕੁਸ਼ੀ ਕਰਨ ਦਾ ਅਧਾਰ ਤਿਆਰ ਕੀਤਾ ਜਾਂਦਾ ਹੈ। ਆਰ. ਐਸ. ਐਸ. ਮੁਖੀ ਦੀ ਹਾਲੀਆ ਮੁਲਾਕਾਤ (ਇੰਟਰਵਿਊ), ਜੋ ਸੰਘ ਦੇ ਰਸਾਲੇ ‘ਆਰਗੇਨਾਈਜ਼ਰ’ ਵਿਚ ਛਪੀ ਹੈ, ਰਾਹੀਂ ਘੱਟਗਿਣਤੀਆਂ ਵਿਰੁੱਧ ਹੋ ਰਹੇ ਨਫਤਰ ਭਰੇ ਪ੍ਰਚਾਰ ਅਤੇ ਹਿੰਸਾ ਨੂੰ ਜਾਇਜ਼ ਠਹਿਰਾ ਕੇ ਇਸ ਨਫਰਤੀ ਮਾਹੌਲ ਨੂੰ ਹੋਰ ਵਧੇਰੇ ਖ਼ਤਰਨਾਕ ਮੋੜ ਦੇਣ ਵਾਲੀ ਘਿਨਾਉਣੀ ਸੋਚ ਹੈ। ਗੁਰਮਤਿ ਦਾ ਆਸ਼ਾ ਅਤੇ ਗੁਰੂ ਖਾਲਸਾ ਪੰਥ ਦਾ ਬਿਰਦ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦਾ ਸੰਦੇਸ਼ ਹੈ। ਸਿੱਖ ਕੌਮ ਨੂੰ ਆਪਣੇ ਆਦਰਸ਼ਾਂ, ਇਤਿਹਾਸ ਅਤੇ ਪ੍ਰੰਪਰਾ ‘ਤੇ ਮਾਣ ਹੈ ਕਿ ਸਿੱਖ ਬਰਾਬਰੀ ਅਤੇ ਨਿਆਂ ਜਿਹੀਆਂ ਕਦਰਾਂ-ਕੀਮਤਾਂ ਦੇ ਸਦਾ ਪਹਿਰੇਦਾਰ ਰਹੇ ਹਨ। ਭਾਰਤੀ ਉਪਮਹਾਂਦੀਪ ਵਿਚ ਇਸ ਸਮੇ ਬਣ ਰਹੇ ਖ਼ਤਰਨਾਕ ਹਾਲਾਤ ਵਿਚ ਸਿੱਖਾਂ ਨੂੰ ਗੁਰੂ ਆਸ਼ੇ ਤੇ ਪੰਥਕ ਪ੍ਰੰਪਰਾ ਅਨੁਸਾਰ ਮਜ਼ਲੂਮਾਂ ਨਾਲ ਖੜ੍ਹਨਾ ਚਾਹੀਦਾ ਹੈ ਅਤੇ ਬਿਪਰਵਾਦ ਦੇ ਖ਼ਤਰਨਾਕ ਮਨਸੂਬਿਆਂ ਦਾ ਡਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ। ਸਮਾਜ ਦੇ ਸਾਰੇ ਨਿਆਂ ਪਸੰਦ ਲੋਕਾਂ ਨੂੰ ਹਿੰਦੁਸਤਾਨ ਵਿਚ ਬਿਪਰਵਾਦ ਵੱਲੋਂ ਘੱਟਗਿਣਤੀਆਂ ਦੀ ਨਸਲਕੁਸ਼ੀ ਲਈ ਤਿਆਰ ਕੀਤੇ ਜਾ ਰਹੇ ਪਿੜ ਬਾਰੇ ਗ੍ਰੈਗਰੀ ਐਚ. ਸਟੈਨਟਨ ਜਿਹੇ ਮਾਹਰਾਂ ਦੀਆਂ ਚੇਤਾਵਨੀਆਂ ਨੂੰ ਗੰਭੀਰਤਾ ਨਾਲ ਲੈਂਦਿਆਂ, ਇਸ ਨਫਰਤ ਭਰੇ ਫਿਰਕੂ ਮਾਹੌਲ ਵਿਰੁੱਧ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਕੌਮਾਂਤਰੀ ਭਾਈਚਾਰੇ ਨੂੰ ਇਸ ਹਾਲਾਤ ਨੂੰ ਹੋਰ ਵਧੇਰੇ ਖ਼ਤਰਨਾਕ ਮੋੜ ਲੈਣ ਤੋਂ ਪਹਿਲਾਂ ਲੋੜੀਂਦਾ ਦਖਲ ਦੇਣਾ ਚਾਹੀਦਾ ਹੈ ਤਾਂ ਜੋ ਇਥੇ ਮਨੁੱਖਤਾ ਵਿਰੁੱਧ ਹੋਣ ਵਾਲੇ ਸੰਭਾਵੀ ਮਹਾਂਜ਼ੁਰਮਾਂ ਨੂੰ ਸਦੀਵੀ ਠਲ੍ਹ ਪਾਈ ਜਾ ਸਕੇ ਅਤੇ ਅਗੇ ਲਈ ਅਜਿਹਾ ਬਾਨਣੂੰ ਬੰਨ੍ਹਿਆ ਜਾਵੇ ਕਿ ਸੱਤਾ ਦੇ ਨਸ਼ੇ ’ਚ ਅੰਨ੍ਹੀ ਹੋਈ ਕੋਈ ਵੀ ਫਿਰਕੂ ਵਿਚਾਰਧਾਰਾ ਘਟਗਿਣਤੀ ਕੌਮਾਂ ਤੇ ਭਾਈਚਾਰਿਆਂ ਵਿਰੁੱਧ ਘਿਨਾਉਣੀਆਂ, ਬੇਰਹਿਮ ਤੇ ਮਾਰੂ ਸੋਚਾਂ ਸੋਚਣ ਅਤੇ ਨੀਤੀਆਂ ਘੜਨ ਦਾ ਹੀਆ ਨਾ ਕਰੇ।

**ਵੱਲੋਂ:ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਰਾਜਿੰਦਰ ਸਿੰਘ ਮੁਗਲਵਾਲ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਸੁਖਦੇਵ ਸਿੰਘ ਡੋਡ, ਭਾਈ ਅਮਰੀਕ ਸਿੰਘ ਈਸੜੂ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਮਨਜੀਤ ਸਿੰਘ ਫਗਵਾੜਾ**




# ਭਾਰਤ ਉੱਪਰ ਰੂਸ ਦੀ ਮੱਦਦ ਦੇ ਦੋਸ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੱਛਮੀ ਦੇਸ਼ ਭਾਰਤ ‘ਤੇ ਰੂਸ ਦੀ ਜੰਗ ਨੂੰ ਫੰਡ ਦੇਣ ਦਾ ਦੋਸ਼ ਲਗਾਉਂਦੇ ਰਹੇ ਹਨ। ਭਾਰਤ ਵੱਲੋਂ ਹਰ ਵਾਰ ਢੁੱਕਵਾਂ ਜਵਾਬ ਦੇਣ ਤੋਂ ਬਾਅਦ ਉਕਤ ਦੇਸ਼ਾਂ ਦੀਆਂ ਸਰਕਾਰਾਂ ਚੁੱਪ ਹੋ ਜਾਂਦੀਆਂ ਹਨ। ਪਰ ਮੀਡੀਆ ਨੇ ਅਸਿੱਧੇ ਤੌਰ ਤੇ ਭਾਰਤੀ ਕੰਪਨੀਆਂ ਨੂੰ ਹੁਣ ਨਿਸ਼ਾਨਾ ਬਣਾਇਆ ਹੈ। ਬ੍ਰਿਟਿਸ਼ ਮੀਡੀਆ ਭਾਰਤੀ ਚਮੜਾ ਕੰਪਨੀਆਂ ‘ਤੇ ਰੂਸ ਦੀ ਜੰਗ ‘ਚ ਮਦਦ ਕਰਨ ਦਾ ਦੋਸ਼ ਲਗਾ ਰਿਹਾ ਹੈ। ਬਰਤਾਨਵੀ ਮੀਡੀਆ ਦਾ ਕਹਿਣਾ ਹੈ ਕਿ ਰੂਸ ਦੀਆਂ ਉਨ੍ਹਾਂ ਕੰਪਨੀਆਂ ਨੂੰ ਭਾਰਤੀ ਚਮੜਾ ਮਿਲ ਰਿਹਾ ਹੈ ਜੋ ਫੌਜ ਲਈ ਜੁੱਤੀਆਂ ਬਣਾਉਂਦੇ ਹਨ। ਸਥਾਨਿਕ ਅਖਬਾਰ ਵਿੱਚ ਛਪੇ ਇਕ ਲੇਖ ਵਿਚ ਕਿਹਾ ਗਿਆ ਹੈ ਕਿ ਭਾਰਤ ਅਤੇ ਰੂਸ ਦੇ ਚੰਗੇ ਸਬੰਧ ਹਨ, ਇਸੇ ਲਈ ਮੋਦੀ ਸਰਕਾਰ ਨੇ ਅਜੇ ਤੱਕ ਯੂਕਰੇਨ ਤੇ ਹੋਏ ਹਮਲੇ ਲਈ ਰੂਸ ਦੀ ਕਿਸੇ ਵੀ ਤਰ੍ਹਾਂ ਨਾਲ ਆਲੋਚਨਾ ਨਹੀਂ ਕੀਤੀ ਅਤੇ ਨਾ ਹੀ ਭਾਰਤੀ ਕੰਪਨੀਆਂ ਰੂਸ ਤੋਂ ਦਰਾਮਦ ਰੋਕ ਰਹੀਆਂ ਹਨ। ਰੂਸ ਅਤੇ ਭਾਰਤ ਵਿਚਾਲੇ ਵਪਾਰ ਵਿੱਚ 413 ਫੀਸਦੀ ਵਾਧਾ ਹੋਇਆ ਹੈ। ਭਾਰਤ ਸਸਤੇ ਰੂਸੀ ਕੱਚੇ ਤੇਲ ਦੇ ਸਭ ਤੋਂ ਵੱਡੇ ਖਰੀਦਦਾਰਾਂ ਵਿੱਚੋਂ ਇੱਕ ਹੈ। ਰੂਸ ਭਾਰਤ ਤੋਂ ਉਹ ਚੀਜ਼ਾਂ ਵੀ ਖਰੀਦ ਰਿਹਾ ਹੈ ਜੋ ਪੱਛਮੀ ਦੇਸ਼ਾਂ ਤੋਂ ਨਹੀਂ ਆ ਸਕਦੀਆਂ। ਯੂਕਰੇਨ ਦੇ ਰਾਸ਼ਟਰਪਤੀ ਜ਼ੇਲੇਂਸਕੀ ਨੇ ਵੀ ਦੋਸ਼ ਲਗਾਇਆ ਹੈ ਕਿ ਭਾਰਤ ਰੂਸ ਨੂੰ ਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਤੋਂ ਬਚਾ ਰਿਹਾ ਹੈ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

**ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ**

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

**ਜਨਵਰੀ ਮਹੀਨੇ ਦੇ ਪ੍ਰੋਗਰਾਮ**



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਚਾਬੀਆਂ ਦਾ ਮੋਰਚਾ ਦਾ ਦਿਹਾੜਾ ਮਨਾਇਆ ਜਾਵੇਗਾ ਅਤੇ ਸਹਿਜਪਾਠ ਦੇ ਭੋਗ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*12 ਜਨਵਰੀ ਦਿਨ ਸ਼ਨਿਚਰਵਾਰ ਸਵੇਰ ਦੇ ਕੀਰਤਨ ਤੇ ਲੰਗਰਾਂ ਦੀ ਸੇਵਾ ਭਾਈ ਜਸਵੀਰ ਸਿੰਘ ਪਰਿਵਾਰ ਵੱਲੋਂ ਹੋਵੇਗੀ।

*12 ਜਨਵਰੀ ਦਿਨ ਸ਼ਨਿਚਰਵਾਰ ਸਵ. ਬੀਬੀ ਸਿਮਰਨ ਕੌਰ ਢੇਸੀ ਦਾ ਅੰਤਮ ਸਸਕਾਰ ਦੁਪਹਿਰ 2 ਵਜੇ ਫਾਈਵ ਰਿਵਰ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ। ਉਪਰੰਤ ਗੁਰੂਘਰ ਵਿਖੇ ਸ਼ਾਮ 3.30 ਵਜੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*12 ਜਨਵਰੀ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 3 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਮੁਹਿੰਦਰ ਸਿੰਘ ਘੁੰਮਣ ਪਰਿਵਾਰ 2. ਭਾਈ ਰਜਿੰਦਰ ਸਿੰਘ ਚੁੱਘ ਪਰਿਵਾਰ 3. ਭਾਈ ਅਮਰਜੀਤ ਸਿੰਘ ਢਿੱਲੋਂ ਪਰਿਵਾਰ

*23 ਜਨਵਰੀ ਦਿਨ ਸੋਮਵਾਰ ਭਾਈ ਲਾਲ ਸਿੰਘ ਕਾਲਰਾ ਦਾ ਅੰਤਮ ਸਸਕਾਰ ਦੁਪਹਿਰ 2 ਵਜੇ ਵੈਲੀਵਿਊ ਫਿਊਨਰਲ ਹੋਮ ਸਰੀ ਵਿਖੇ ਹੋਵੇਗਾ। ਉਪਰੰਤ ਗੁਰੂਘਰ ਵਿਖੇ ਸ਼ਾਮ 3.30 ਵਜੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*24 ਜਨਵਰੀ ਦਿਨ ਮੰਗਲਵਾਰ ਸਵ. ਸਮਸ਼ੇਰ ਸਿੰਘ ਗਿੱਲ ਦਾ ਅੰਤਮ ਸਸਕਾਰ ਦੁਪਹਿਰ 2.30 ਵਜੇ ਫਾਈਵ ਰਿਵਰ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ। ਉਪਰੰਤ ਗੁਰੂਘਰ ਵਿਖੇ ਸ਼ਾਮ 4.30 ਵਜੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*26 ਜਨਵਰੀ ਦਿਨ ਵੀਰਵਾਰ ਸਵ. ਬੀਬੀ ਰੇਸ਼ਮ ਕੌਰ ਦਾ ਅੰਤਮ ਸਸਕਾਰ ਸਵੇਰੇ 10 ਵਜੇ ਫਾਈਵ ਰਿਵਰ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ। ਉਪਰੰਤ ਗੁਰੂਘਰ ਵਿਖੇ ਸਵੇਰੇ 11.30 ਵਜੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਹਰਭਜਨ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 778-713-5121, 604-590-3224, ਫੈਕਸ:604-572-3276**

# ਸਿਹਤ ਸੰਬੰਧੀ



# ਐਲਰਜੀ, ਹੇਅ-ਫ਼ੀਵਰ, ਪੋਲਨਜ਼ ਅਤੇ ਹੋਮਿਓਪੈਥਿਕ ਇਲਾਜ

ਐਲਰਜਿਕ ਰਹੀਨਾਇਟੀਸ (Allergic Rhenitis), ਜਿਸ ਨੂੰ ਕਿ ਹੇਅ-ਫ਼ੀਵਰ ਜਾਂ ਪੌਲੀਨੌਸਿਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦਾ ਮਤਲਬ ਹੈ ਐਲਰਜੀ ਦੀ ਵਜ੍ਹਾ ਨਾਲ ਨੱਕ ਦੀ ਅੰਦਰਲੀ ਝਿੱਲੀ ਵਿੱਚ ਸੋਜਸ਼ ਹੋ ਜਾਣੀ। ਜੇ ਰਹੀਨਾਇਟੀਸ ਸ਼ਬਦ ਦਾ ਸੰਧੀ-ਭੇਦ ਕਰਕੇ ਵੇਖਿਆ ਜਾਵੇ ਤਾਂ "Rhino" ਦਾ ਮਤਲਬ ਹੁੰਦਾ ਹੈ "ਨੱਕ ਨਾਲ ਸਬੰਧਤ" ਅਤੇ "itis" ਦਾ ਸਬੰਧ ਸੋਜਸ਼ ਨਾਲ ਹੁੰਦਾ ਹੈ। ਐਲਰਜਿਕ ਰਹੀਨਾਇਟੀਸ ਮੌਸਮੀ ਜਾਂ ਗ਼ੈਰ-ਮੌਸਮੀ ਵੀ ਹੋ ਸਕਦੀ ਹੈ। ਬਹਾਰ ਦੇ ਮੌਸਮ (ਸਪ੍ਰਿੰਗ) ਵਿੱਚ ਇਹ ਐਲਰਜੀ ਜ਼ਿਆਦਾਤਰ ਰੁੱਖਾਂ ਦੇ ਫ਼ੁੱਲਾਂ ਦੇ ਪੋਲਨ (tree pollens) ਕਰਕੇ ਹੁੰਦੀ ਹੈ। ਘਾਹ ਕੱਟਣ ਨਾਲ ਸਬੰਧਤ ਐਲਰਜੀ ਅਕਸਰ ਗਰਮੀਆਂ ਦੀ ਰੁੱਤ ਵਿੱਚ ਹੁੰਦੀ ਹੈ ਅਤੇ ਵੀਡ ਪੋਲਨ (weed pollen) ਪਤਝੜ (ਫ਼ੌਲ) ਦੀ ਰੁੱਤ ਵਿੱਚ ਐਲਰਜੀ ਦੇ ਲੱਛਣ ਪੈਦਾ ਕਰਦੀ ਹੈ। ਬਹਾਰ ਦਾ ਮੌਸਮ ਚੱਲ ਰਿਹਾ ਹੈ ਅਤੇ ਬਹੁਤ ਸਾਰੇ ਵਿਅਕਤੀਆਂ ਨੂੰ ਪੋਲਨ ਐਲਰਜੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਈਆਂ ਨੂੰ ਆਉਣ ਵਾਲੇ ਸਮੇਂ ਵਿੱਚ ਇਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਹਾਰ ਦੇ ਮੌਸਮ ਵਿੱਚ ਐਲਰਜੀ ਦਾ ਕਾਰਨ ਬਣਨ ਵਾਲੇ ਤੱਤ ਦਰਖ਼ਤਾਂ ਉੱਪਰ ਪੁੰਗਰ ਰਹੇ ਫ਼ੁੱਲਾਂ ਤੋਂ ਉੱਡ ਕੇ ਵਾਤਾਵਰਨ ਵਿੱਚ ਸ਼ਾਮਲ ਹੋ ਜਾਂਦੇ ਹਨ। ਹਰ ਸਾਲ ਇਸ ਮੌਸਮ ਦੇ ਆਉਣ ਦੇ ਕਈ ਵਿਅਕਤੀਆਂ ਨੂੰ ਆਪੋ-ਆਪਣੀ ਸੰਵੇਦਨਾ ਅਨੁਸਾਰ ਐਲਰਜੀ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹਾਰ ਦੇ ਮੌਸਮ ਵਿੱਚ ਹਰ ਸਾਲ ਜਦੋਂ ਦਰਖ਼ਤਾਂ ਦੇ ਫ਼ੁੱਲ ਫ਼ੁੱਟਣੇ ਸ਼ੁਰੂ ਹੁੰਦੇ ਹਨ ਤਾਂ ਕਈ ਸੰਵੇਦਨਸ਼ੀਲ ਵਿਅਕਤੀਆਂ ਨੂੰ ਬਹੁਤ ਤਕਲੀਫ਼ਦੇਹ ਲੱਛਣਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਵੇਂ ਛਿੱਕਾਂ (ਕਈ ਵਾਰੀ ਬਹੁਤ ਜ਼ਿਆਦਾ), ਅੱਖਾਂ ਵਿੱਚ ਲਾਲੀ ਅਤੇ ਰੜਕ, ਅੱਖਾਂ ਵਿੱਚੋਂ ਪਾਣੀ ਵਗਣਾ, ਪਲਕਾਂ ਵਿੱਚ ਜਲਨ ਅਤੇ ਸੋਜਸ਼, ਨੱਕ ਵਿੱਚ ਝੁਣਝੁਣਾਹਟ, ਨੱਕ ਵਿੱਚ ਸੇਕ ਅਤੇ ਨੱਕ ਵਿੱਚੋਂ ਜਲਨਸ਼ੀਲ ਤਰਲ ਪਦਾਰਥ ਵਗਣਾ, ਨੱਕ ਦੇ ਵਿੰਗਜ਼ ਪੂੰਝ ਪੂੰਝ ਕੇ ਲਾਲ ਹੋ ਜਾਣੇ, ਰਾਤ ਨੂੰ ਨੱਕ ਬੰਦ ਹੋ ਜਾਣਾ, ਮੂੰਹ ਰਾਹੀਂ ਸਾਹ ਲੈਣਾ, ਨੀਂਦ ਨਾ ਆਉਣੀ, ਦਿਨ ਵੇਲੇ ਨੱਕ ਬੰਦ ਰਹਿਣਾ ਅਤੇ ਉਸ ਵਿੱਚੋਂ ਪਾਣੀ ਵਗਣਾ। ਪੀੜਤ ਵਿਅਕਤੀ ਦੀ ਬੁਰੀ ਹਾਲਤ ਕਰ ਦੇਣ ਵਾਲੇ ਇਹ ਲੱਛਣ ਉਸ ਦੇ ਸੁਭਾਅ ਵਿੱਚ ਚਿੜਚਿੜਾਪਨ ਤਾਂ ਲਿਆਉਂਦੇ ਹੀ ਹਨ, ਇਨ੍ਹਾਂ ਕਾਰਨ ਵਿਅਕਤੀ ਦੀ ਕੰਮ 'ਤੇ ਜਾਣ ਦੀ ਹਾਲਤ ਵੀ ਨਹੀਂ ਰਹਿੰਦੀ। ਸਿਰ ਭਾਰਾ, ਸਿਰ ਵਿੱਚ ਦਰਦ, ਰੌਸ਼ਨੀ ਚੰਗੀ ਨਾ ਲੱਗਣੀ, ਚਿਹਰਾ ਲਾਲ ਹੋ ਜਾਣਾ, ਸਰੀਰ ਬੇਜਾਨ, ਸੁੱਕੀ ਖੰਘ, ਗਲਾ ਖ਼ੁਸ਼ਕ ਅਤੇ ਬਾਰ-ਬਾਰ ਛਿੱਕਾਂ ਮਾਰਨ ਨਾਲ ਪਸਲੀਆਂ ਵਿੱਚ ਦਰਦ ਦੇ ਕਾਰਨ ਵਿਅਕਤੀ ਬੇਹਾਲ ਹੋ ਜਾਂਦਾ ਹੈ।

ਮਰੀਜ਼ ਨੂੰ ਕਿਸੇ ਵੀ ਅਵਸਥਾ ਵਿੱਚ ਚੈਨ ਨਹੀਂ ਮਿਲਦਾ। ਬੇਚੈਨੀ ਕਰਕੇ ਉਹ ਘਰ ਦੇ ਅੰਦਰ ਜਾਂ ਬਾਹਰ ਟਿਕ ਕੇ ਬੈਠ ਨਹੀਂ ਸਕਦਾ। ਕਈ ਕੇਸਾਂ ਵਿੱਚ ਉਪਰੋਕਤ ਲੱਛਣਾਂ ਦੇ ਨਾਲ ਨਾਲ ਇੰਨੀ ਜ਼ਬਰਦਸਤ ਐਲਰਜੀ ਹੁੰਦੀ ਹੈ ਕਿ ਸਾਹ ਦੀ ਨਾਲੀ ਵਿੱਚ ਵੀ ਤਕਲੀਫ਼ ਮਹਿਸੂਸ ਹੋਣ ਲੱਗ ਜਾਂਦੀ ਹੈ ਅਤੇ ਸਾਹ ਲੈਣਾ ਵੀ ਔਖਾ ਲੱਗਣ ਲੱਗ ਜਾਂਦਾ ਹੈ। ਰਵਾਇਤੀ ਇਲਾਜ ਪ੍ਰਣਾਲੀ ਵਿੱਚ ਐਲਰਜੀ ਦਾ ਅਸਰ ਘਟਾਉਣ ਲਈ ਐਲਰਜੀ ਦਾ ਕਾਰਨ ਬਣਨ ਵਾਲੇ ਖ਼ਾਸ ਤੱਤ ਦਾ ਪਤਾ ਕਰਨ ਤੋਂ ਬਾਅਦ ਟੀਕੇ ਰਾਹੀਂ ਆਈਸੋਪੈਥਿਕ (Isopathic) ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਵੀ ਐਲਰਜੀ ਦਾ ਕਾਰਨ ਬਣਨ ਵਾਲੇ ਤਕਰੀਬਨ ਸਾਰੇ ਤੱਤਾਂ ਨੂੰ ਸਥਾਪਤ ਹੋਮਿਓਪੈਥਿਕ ਫ਼ਾਰਮੇਸੀਆਂ ਵੱਲੋਂ ਪੋਟੈਨਟਾਈਜ਼ ਕੀਤਾ ਹੋਇਆ ਹੈ। ਫ਼ਰਕ ਸਿਰਫ਼ ਇਹ ਹੈ ਕਿ ਹੋਮਿਓਪੈਥੀ ਵਿੱਚ ਖਾਣ ਵਾਲੀ ਦਵਾਈ ਦਿੱਤੀ ਜਾਂਦੀ ਹੈ। ਜਿਸ ਪਦਾਰਥ ਤੋਂ ਵਿਅਕਤੀ ਸੰਵੇਦਬਸ਼ੀਲ ਹੁੰਦਾ ਹੈ ਉਸੇ ਪਦਾਰਥ ਤੋਂ ਹੋਮਿਓਪੈਥਿਕ ਫ਼ਾਰਮਾਕੋਪੀਆ ਅਨੁਸਾਰ ਦਵਾਈ ਦੀ ਪੋਟੈਂਸੀ ਤਿਆਰ ਕੀਤੀ ਜਾਂਦੀ ਹੈ।




ਡਾ. ਸ਼ਵੇਤਾ
MBBS, MD & DHMS (ONT.)
Abbotsford
(604) 304-2236

ਡਾ. ਆਰ.ਐੱਸ. ਸੈਣੀ
(ਹੋਮਿਓਪੈਥ)
Surrey
(604) 502-9579

ਰਹੀਨਾਇਟੀਸ ਅਤੇ ਹੇਅ-ਫ਼ੀਵਰ ਦੇ ਇਲਾਜ ਲਈ ਕਾਊਂਟਰ ਤੋਂ ਮਿਲਣ ਵਾਲੀਆਂ ਅਤੇ ਤਜਵੀਜ਼ ਕੀਤੀ ਜਾਣ ਵਾਲੀਆਂ ਬਹੁਤ ਸਾਰੀਆਂ ਦਵਾਈਆਂ ਉਪਲਬਧ ਹਨ। ਇਨ੍ਹਾਂ ਦੀਆਂ ਦੋ ਪ੍ਰਮੁੱਖ ਸ਼੍ਰੇਣੀਆਂ ਹਨ:

**Antihistamines (ਐਂਟੀਹਿਸਟੇਮਾਈਨਜ਼)**
**Topical Steroids (ਟੌਪੀਕਲ ਸਟੀਰੌਇਡਜ਼)**

ਇਹ ਦੋਵਾਂ ਤਰ੍ਹਾਂ ਦੀਆਂ ਦਵਾਈਆਂ ਐਲਰਜੀ ਤੋਂ ਅਸਥਾਈ ਤੌਰ 'ਤੇ ਰਾਹਤ ਦਿੰਦੀਆਂ ਹਨ ਅਤੇ ਆਮ ਤੌਰ 'ਤੇ ਦਿਨ ਪ੍ਰਤੀ ਦਿਨ ਜਾਂ ਅਟੈਕ ਹੋਣ 'ਤੇ ਲੈਣੀਆਂ ਪੈਂਦੀਆਂ ਹਨ। ਪਰ ਇਨ੍ਹਾਂ ਦੇ ਆਪਣੇ ਮਾੜੇ ਪ੍ਰਭਾਵ ਵੀ ਹੁੰਦੇ ਹਨ ਜਿਨ੍ਹਾਂ ਨਾਲ ਨੀਂਦ ਜਾਂ ਘੁਮੇਰੀ ਆਉਣੀ ਅਤੇ ਧਿਆਨ ਲਗਾਉਣ ਵਿੱਚ ਮੁਸ਼ਕਲ ਆਉਣੀ, ਖ਼ਾਸ ਕਰਕੇ ਗੱਡੀ ਚਲਾਉਣ ਵੇਲੇ ਜਾਂ ਕਿਸੇ ਮਸ਼ੀਨ 'ਤੇ ਕੰਮ ਕਰਨ ਸਮੇਂ। ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਇਸ ਪੀੜਤ ਅਵਸਥਾ ਵਾਸਤੇ ਬਹੁਤ ਢੁਕਵੀਆਂ ਦਵਾਈਆਂ ਉਪਲਬਧ ਹਨ। ਪਰ ਜੇ ਪੀੜਤ ਵਿਅਕਤੀ ਨੂੰ ਉਸ ਦੀ ਪੂਰੀ ਬਣਤਰ, ਉਸ ਦੇ ਸੁਭਾਅ, ਆਦਤਾਂ ਅਤੇ ਜੀਵਨ-ਸ਼ੈਲੀ ਤੋਂ ਇਲਾਵਾ ਐਲਰਜੀ ਕਾਰਨ ਪੈਦਾ ਹੋਏ ਲੱਛਣਾਂ ਨੂੰ ਸਮਝਦਿਆਂ ਹੋਇਆਂ ਢੁਕਵੀਂ ਹੋਮਿਓਪੈਥਿਕ ਦਵਾਈ ਦਿੱਤੀ ਜਾਵੇ ਤਾਂ ਉਸ ਨੂੰ ਐਲਰਜੀ ਤੋਂ ਹਮੇਸ਼ਾ ਵਾਸਤੇ ਛੁਟਕਾਰਾ ਮਿਲ ਸਕਦਾ ਹੈ। ਹੋਮਿਓਪੈਥਿਕ ਦਵਾਈਆਂ ਦਾ ਕੋਈ ਸਾਈਡ-ਅਫ਼ੈਕਟ ਨਹੀਂ ਹੁੰਦਾ ਅਤੇ ਇਹ ਵਿਅਕਤੀ ਦੇ ਦਿਨ ਪ੍ਰਤੀ ਦਿਨ ਦੇ ਕੰਮ ਵਿੱਚ ਵੀ ਅੜਚਨਾਂ ਪੈਦਾ ਨਹੀਂ ਕਰਦੀਆਂ।ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹੀ ਸਹੀ ਹੋਮਿਓਪੈਥਿਕ ਦਵਾਈ ਦੀ ਚੋਣ ਕਰਨ ਉਪਰੰਤ ਐਲਰਜੀ ਤੋਂ ਪੀੜਤ ਵਿਅਕਤੀ ਦੀ ਮਦਦ ਕਰ ਸਕਦਾ ਹੈ।

**ਐਲਰਜੀ ਤੋਂ ਬਚਣ ਲਈ ਕੁਝ ਸਹਾਇਕ ਗੁਰ:**

ਧੋਤੇ ਕਪੜਿਆਂ ਨੂੰ ਸੁਕਾਉਣ ਲਈ ਖੁੱਲ੍ਹੇ ਵਿੱਚ ਨਾ ਲਟਕਾਓ ਕਿਉਂਕਿ ਕਪੜੇ ਅਤੇ ਚਾਦਰਾਂ ਉੱਪਰ ਪੋਲਨ ਡਸਟ ਜੰਮ ਜਾਂਦੀ ਹੈ।

ਘਰ ਵਿੱਚ ਅਤੇ ਕਾਰ ਚਲਾਉਂਦੇ ਸਮੇਂ ਖਿੜਕੀਆਂ ਨੂੰ ਬੰਦ ਰੱਖਣ ਦੀ ਕੋਸ਼ਿਸ਼ ਕਰੋ। ਯਾਦ ਰੱਖੋ ਜਿਹੜੀ ਚੀਜ਼ ਮਿੱਟੀ ਜਾਂ ਧੂੜ ਇਕੱਠੀ ਕਰ ਸਕਦੀ ਹੈ ਉਸ ਉੱਪਰ ਪੋਲਨ ਵੀ ਜਮ੍ਹਾਂ ਹੋ ਸਕਦੇ ਹਨ। ਉਦਾਹਰਣ ਵਜੋਂ, ਕਾਰਪੈੱਟ, ਕੰਧ 'ਤੇ ਲਟਾਈਆਂ ਚੀਜ਼ਾਂ, ਪਰਦੇ, ਫ਼ਰਨੀਚਰ ਦੇ ਕਵਰ ਅਤੇ ਹੋਰ ਸਤਹਾਂ ਜਿੱਥੇ ਧੂੜ ਜੰਮ ਸਕਦੀ ਹੈ।

ਸਵੇਰੇ 6 ਤੋਂ 10 ਵਜੇ ਤਕ ਹਵਾ ਵਿੱਚ ਪੋਲਨ ਦਾ ਅਸਰ ਵਧੇਰੇ ਹੁੰਦਾ ਹੈ। ਇਸ ਲਈ ਇਸ ਸਮੇਂ ਦੌਰਾਨ ਖੁੱਲ੍ਹੇ ਵਿੱਚ ਜਾਣ ਤੋਂ ਗੁਰੇਜ਼ ਕਰੋ।

ਬਰਸਾਤ ਹੋਣ ਤੋਂ ਬਾਅਦ ਪੋਲਨ ਘਟ ਜਾਂਦਾ ਹੈ। ਲੰਮੇ ਸਮੇਂ ਤਕ ਬਾਹਰ ਰਹਿਣ ਤੋਂ ਬਾਅਦ ਨਹਾ ਕੇ ਕਪੜੇ ਬਦਲਣੇ ਚਾਹੀਦੇ ਹਨ। ਇਸ ਨਾਲ ਪੋਲਨ ਦਾ ਅਸਰ ਘਟ ਜਾਵੇਗਾ।

ਐਨਕਾਂ ਪਹਿਨਣ ਨਾਲ ਅੱਖਾਂ 'ਤੇ ਪੋਲਨ ਦਾ ਅਸਰ ਘਟ ਜਾਂਦਾ ਹੈ।







# ਸਿੱਖ ਧਰਮ ਨੂੰ ਚੁਣੌਤੀ

ਸੰਸਾਰ ਵਿੱਚ ਅਨੇਕਾਂ ਹੀ ਧਰਮ ਹਨ ਸਿੱਖ ਧਰਮ ਪੰਜਵਾਂ ਵੱਡਾ ਵਿਲੱਖਣ ਅਤੇ ਨਿਵੇਕਲਾ ਧਰਮ ਹੈ ( ਇਸਾਈ, ਇਸਲਾਮ, ਹਿੰਦੂ, ਬੁੱਧ ਅਤੇ ਸਿੱਖ ਧਰਮ ) ਯਹੂਦੀ, ਇਸਾਈ ਅਤੇ ਇਸਲਾਮ ਧਰਮ ਸਭ ਤੋਂ ਪਹਿਲਾਂ ਮਿਡਲ ਈਸਟ ਤੋਂ ਸ਼ੁਰੂ ਹੋਏ ਸਨ। ਜਿਨ੍ਹਾਂ ਨੂੰ ਪੈਗ਼ੰਬਰੀ ਜਾਂ ਨਬੀ ਧਰਮ ਕਿਹਾ ਜਾਂਦਾ ਹੈ। ਬੁੱਧ, ਜੈਨ ਅਤੇ ਹਿੰਦੂ ਧਰਮ ਭਾਰਤ ਵਿੱਚੋਂ ਸ਼ੁਰੂ ਹੋਏ, ਇਨ੍ਹਾਂ ਨੂੰ ਰਹੱਸਵਾਦੀ ਧਰਮ ਕਿਹਾ ਜਾਂਦਾ ਹੈ। ਸਿੱਖ ਧਰਮ ਵੀ ਭਾਰਤ ਵਿੱਚੋਂ ਹੀ ਸ਼ੁਰੂ ਹੋਇਆ ਸੀ। ਇਹ ਵੀ ਇਕ ਪੈਗੰਬਰੀ / ਨਬੀ ਧਰਮ ਹੈ । ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਹਰੇਕ ਸਰੀਰ, ਹਰੇਕ ਹਿਰਦੇ ਤੇ ਕੁਦਰਤਿ ਦੇ ਕਣ-ਕਣ ਵਿੱਚ ਵਸਦੇ ਪ੍ਰਭੂ, ਉਸ ਦੇ ਦੈਵੀ ਗੁਣਾਂ ਨੂੰ ਅਪਨਾ ਕੇ ਜੀਵਨ ਵਿੱਚ ਢਾਲਣ ਤੇ ਪ੍ਰਮਾਤਮਾ ਦੀ ਸਿਫ਼ਤਿ-ਸਾਲਾਹ ਕਰਨ ਉਪਰ ਜ਼ੋਰ ਦਿੱਤਾ।ਢਾਢੀ ਸਚੈ ਮਹਲਿ ਖਸਮਿ ਬੁਲਾਇਆ॥ ਸਚੀ ਸਿਫਤਿ - ਸਾਲਾਹ ਕਪੜਾ ਪਾਇਆ॥ ਗ.ਗ.ਸ. ਅੰਗ 150

ਮੈਨੂੰ (ਨਾਨਕ) ਨੂੰ ਪ੍ਰਭੂ ਨੇ ਆਪਣੀ ਹਜ਼ੂਰੀ ਵਿਚ ਸਦਿਆ ਤੇ ਮੈਨੂੰ ਸਚੀ ਸਿਫਤਿ- ਸਾਲਾਹ ਰੂਪੀ ਸਿਰੋਪਾਉ ਦਿੱਤਾ। ਪ੍ਰਭੂ ਨੇ ਮੈਨੂੰ ਧੁਰੋਂ ਹੁਕਮ ਦਿੱਤਾ ਹੈ ਕਿ ਦਿਨ ਰਾਤ ਉਸ ਪ੍ਰਭੂ ਦਾ ਜਸ ਕਰਨ ਨਾਲ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ । ਗੁਰੂ ਨਾਨਕ ਸਾਹਿਬ ਨੇ ਸੰਤਵੇਂ-ਪਤਾਲ ਵਿੱਚ ਬੈਠੇ ਰੱਬ ਨੂੰ ਆਮ ਲੋਕਾਂ ਦੇ ਦਿਲਾਂ ਵਿੱਚ ਪਰਵੇਸ ਹੋਣ ਦਾ ਸੰਦੇਸ਼ ਦਿੱਤਾ, ਨਾਲ ਹੀ ਸੱਤਵੇਂ ਅਕਾਸ਼ ਵਿਚ ਵਿੱਚ ਬਿਰਾਜਮਾਨ ਪਰਮਾਤਮਾ ਤੱਕ ਪਹੁੰਚ ਕਰਾਉਣ ਵਾਲੀ ਪਰੋਹਿਤ ਸ਼੍ਰੇਣੀ ਦੀ ਵਿਚੋਲਗੀ ਵੀ ਖਤਮ ਕੀਤੀ ਕਿਉਂਕਿ ਰੱਬ ਨਾਲ ਇੱਕ-ਮਿੱਕ ਹੋਣ ਵਾਸਤੇ ਕਿਸੇ ਵੀ ਵਿਚੋਲੇ ਦੀ ਜ਼ਰੂਰਤ ਨਹੀ ਹੈ ।ਵੱਖ ਵੱਖ ਧਰਮਾਂ ਦੇ ਵਿਸ਼ਵਾਸ ਅਤੇ ਅਭਿਆਸ ਪਰਣਾਲੀਆਂ ਵੀ ਅਲੱਗ ਅਲੱਗ ਹਨ ਸੰਸਾਰ ਦੇ ਧਰਮਾਂ ਨੂੰ ਹੇਠ ਲਿਖੇ ਤਿੰਨ ਗੁਰਪਾਂ ਵਿੱਚ ਵੰਡਿਆ ਗਿਆ ਹੈ :ਜੀਵਵਾਦ : ਇਸ ਵਿਸ਼ਵਾਸ ਪਰਣਾਲੀ ਵਿੱਚ ਪੌਦੇ, ਜਾਨਵਰਾਂ ਅਤੇ ਨਿਰਜੀਵ ਵਸਤਾਂ ਵਿਚ ਵੀ ਆਤਮਾ ਦੀ ਹੋਂਦ ਦੀ ਨੂੰ ਮੰਨਿਆ ਜਾਂਦਾ ਹੈ। ਜਿਸ ਤਰਾਂ ਜਪਾਨ ਦਾ ਸਿੰਟੋ ਧਰਮ ਅਤੇ ਆਸਟ੍ਰੇਲੀਅਨ ਆਦਿਵਾਸੀ ਧਰਮ ਹਨ।ਬਹੁਦੇਵ ਧਰਮ : ਇਸ ਗਰੁਪ ਵਿੱਚ ਕਈ ਕਿਸਮ ਦੇ ਦੇਵੀ ਦੇਵਤੇ ਸ਼ਾਮਲ ਹੁੰਦੇ ਹਨ ਪਰੰਤੂ ਹਰੇਕ ਦੇਵੀ ਦੇਵਤਾ ਇਕ ਵੱਖਰੀ ਧਾਰਨਾ, ਤੱਤ ਜਾਂ ਵਰਤਾਰੇ ਲਈ ਜ਼ਿੰਮੇਵਾਰ ਹੈ।ਜਿਵੇਂ ਹਿੰਦੂ ਧਰਮ।

**ਈਸ਼ਵਰਵਾਦੀ ਧਰਮ :** ਇਸ ਗਰੁਪ ਵਿਚ ਇਕ ਈਸ਼ਵਰ ਨੂੰ ਮੰਨਣ ਵਾਲੇ ਲੋਕ ਸ਼ਾਮਲ ਹਨ ਜਿਸ ਤਰ੍ਹਾਂ ਯਹੂਦੀ, ਇਸਾਈ, ਇਸਲਾਮ ਅਤੇ ਸਿੱਖ ਧਰਮ ਆਦਿ। ਜਦੋਂ ਕਿ ਈਸਾਈ ਧਰਮ ਵਾਲੇ ਸ਼ੈਤਾਨ ਨੂੰ ਵੀ ਮਾਨਤਾ ਦਿੰਦੇ ਹਨ।ਮਾਰਟਿਨ ਬੂਬਰ ਨਬੀ ਧਰਮ ਅਤੇ ਰਹੱਸਵਾਦੀ ਧਰਮ ਦੀ ਵਿਆਖਿਆ ਇਸ ਪਰਕਾਰ ਕਰਦਾ ਹੈ :" ਰਹੱਸਵਾਦੀ ਧਰਮ ਵਿਚ ਜੋ ਕੁਝ ਵਾਪਰਦਾ ਹੈ ਉਸ ਨੂੰ ਹੀ ਮਹੱਤਤਾ ਦਿੱਤੀ ਜਾਂਦੀ ਹੈ ਨਬੀ ਧਰਮ ਵਿਚ ਜੋ ਕੁਝ ਪੈਗੰਬਰ ਵੱਲੋਂ ਕਿਹਾ ਜਾਂਦਾ ਹੈ ਉਹ ਹੀ ਮਹੱਤਵਪੂਰਣ ਹੁੰਦਾ ਹੈ।"

ਇਕ ਮਸ਼ਹੂਰ ਮਨੋਵਿਗਿਆਨੀ ਸਿਗਮੰਡ ਫਰਾਇਡ:" ਧਰਮ ਨੂੰ ਇੱਕ ਇੱਛਾ ਪੂਰਤੀ ਦਾ ਵਸੀਲਾ ਜਾਂ ਸਾਧਨ ਮੰਨਦਾ ਹੈ।"ਜਿਵੇਂ ਕਿ ਅੱਜ ਕੱਲ ਵੀ ਬਹੁਤ ਸਾਰੇ ਲੋਕ ਆਪਣੀਆਂ ਨਿਜੀ ਲੋੜਾਂ, ਪੁੱਤਰਾਂ ਦੀ ਦਾਤ, ਵਿਆਹ, ਘਰ ਜਾਂ ਕਾਰਾਂ ਆਦਿ ਦੀ ਪੂਰਤੀ ਲਈ ਹੀ ਮੰਨਦੇ ਹਨ ਅਤੇ ਇਨ੍ਹਾਂ ਦੀ ਪੂਰਤੀ ਵਾਸਤੇ ਧਾਰਮਿਕ ਅਸਥਾਨਾਂ ਉਪਰ ਸੁੱਖਾਂ ਸੁਖਦੇ ਹਨ । ਅਜੋਕੇ ਸਮੇਂ ਵਿੱਚ ਕੁਛ ਮਨੋਵਿਗਿਆਨੀਆਂ ਦਾ ਵਿਚਾਰ ਹੈ ਕਿ ਧਰਮ ਮਨੁੱਖ ਦੇ ਜੀਵਨ ਅਤੇ ਅਨੁਭਵ ਵਿੱਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਅ ਸਕਦਾ ਹੈ ।ਧਰਮ ਸੰਗਠਿਤ ਵਿਸ਼ਵਾਸ ਅਤੇ ਅਭਿਆਸ ਪ੍ਰਣਾਲੀਆਂ ਦਾ ਸਮੂਹ ਹੈ ਜੋ ਇਕ ਨਿਯੰਤਰਣ ਸ਼ਕਤੀ ਉਪਰ ਵਿਸ਼ਵਾਸ ਅਤੇ ਪੂਜਾ ਨਾਲ ਸਬੰਧਿਤ ਹੈ ਅਤੇ ਕੁਛ ਪਰਾਣੀ ਨਿਜੀ ਦੇਵੀ ਦੇਵਤੇ ਅਤੇ ਅਲੌਕਿਕ ਜੀਵਾਂ ਆਦਿ ਭੀ ਵਿੱਚ ਵਿਸ਼ਵਾਸ ਰੱਖਦੇ ਹਨ।ਆਕਸਫੋਰਡ ਸ਼ਬਦਕੋਸ਼ ਅਨੁਸਾਰ :" ਧਰਮ ਨੂੰ ਅਲੌਕਿਕ ਨਿਯੰਤਰਣ ਸ਼ਕਤੀ ਖਾਸ ਤੌਰ ਤੇ ਇਕ ਰੱਬ ਅਤੇ ਨਿਜੀ ਦੇਵੀ ਦੇਵਤਿਆਂ ਦੀ ਪੂਜਾ ਦੇ ਤੌਰ ਤੇ ਪਰਿਭਾਸ਼ਿਤ ਕਰਦਾ ਹੈ।"

**ਅਮਰੀਕਨ ਹੈਰੀਟੇਜ ਡਿਕਸ਼ਨਰੀ** :" ਬ੍ਰਹਿਮੰਡ ਦੇ ਸਿਰਜਣਹਾਰ ਅਤੇ ਮਾਲਕ ਪ੍ਰਭੂ ਨੂੰ ਇੱਕ ਅਲੌਕਿਕ ਸ਼ਕਤੀ ਵਜੋਂ ਮਾਨਤਾ ਦੇਣ ਕਰ ਕੇ ਉਸ ਤੇ ਵਿਸ਼ਵਾਸ ਅਤੇ ਸ਼ਰਧਾ ਰੱਖਣਾ ਹੈ। ਇਸ ਸਮੀਕਰਨ ਦਾ ਇਕ ਵਿਸ਼ੇਸ਼ ਏਕੀਕਰਨ ਸਿਸਟਮ, ਇਕ ਅਲੌਕਿਕ ਸ਼ਕਤੀ ਜਾਂ ਸ਼ਕਤੀਆਂ ਨੂੰ ਮੰਨਣ ਵਾਲੇ ਵਿਅਕਤੀ ਦਾ ਅਧਿਆਤਮਿਕ ਜਾਂ ਭਾਵਨਾਤਮਕ ਰਵਈਆ ਹੁੰਦਾ ਹੈ।ਇਨ੍ਹਾਂ ਪਰੀਭਾਸ਼ਾਵਾਂ ਤੋਂ ਇਹ ਪਤਾ ਲੱਗ ਜਾਂਦਾ ਹੈ ਕਿ ਇਕ ਅਲੌਕਿਕ ਸ਼ਕਤੀ ਜ਼ਰੂਰ ਹੈ ਜਿਸ ਵਿਚ ਬਹੁਤ ਸਾਰੇ ਧਰਮਾਂ ਦਾ ਵਿਸ਼ਵਾਸ ਤੇ ਸ਼ਰਧਾ ਹੈ, ਇਸ ਅਲੌਕਿਕ ਸ਼ਕਤੀ ਜਿਸ ਨੂੰ ਰੱਬ, ਗੌਡ, ਅੱਲਾ, ਰਾਮ ਕਿਹਾ ਜਾਂਦਾ ਹੈ। ਸਿੱਖ ਧਰਮ ਦਾ ਵਿਸ਼ਵਾਸ ਅਤੇ ਸ਼ਰਧਾ ਵੀ ਇੱਕ ਰੱਬ ਜਾਂ ਪ੍ਰਮਾਤਮਾ ਪ੍ਰਭੂ ਜੋ ਅਕਾਲ, ਅਮੂਰਤ, ਅਸੀਮਤ, ਅਗਾਹ, ਜੋ ਨਿਰਗੁਣ ਅਤੇ ਸਰਗੁਣ ਹੈ ਜਿਸ ਦੀ ਜੋਤ ਹਰੇਕ ਵਿਅਕਤੀ ਵਿਚ ਮੌਜੂਦ ਹੈ ।ਧਰਮ ਅਤੇ ਅਧਿਆਤਮਕਤਾ ਦੋ ਵੱਖ ਵੱਖ ਪਹਿਲੂ ਹਨ :ਧਰਮ ਸੰਗਠਤ ਵਿਸ਼ਵਾਸਾਂ ਅਤੇ ਅਭਿਆਸਾਂ ਦਾ ਇਕ ਖਾਸ ਸਮੂਹ ਹੈ ਜੋ ਆਮ ਤੌਰ ਤੇ ਕਿਸੇ ਇਕ ਭਾਈਚਾਰੇ ਜਾਂ ਸਮੂਹ ਦੁਆਰਾ ਮੰਨਿਆ ਜਾਂ ਅਪਣਾਇਆ ਜਾਂਦਾ ਹੈ ।ਅਧਿਆਤਮਕਤਾ ਇਕ ਵਿਅਕਤੀਗਤ ਵਿਸ਼ਵਾਸ ਜਾਂ ਅਮਲ ਹੈ ਜਿਸ ਦਾ ਸਬੰਧ ਸ਼ਾਂਤੀ ਅਤੇ ਉਦੇਸ਼ ਦੀ ਭਾਵਨਾ ਨਾਲ ਹੈ। ਮਨੁੱਖ ਦੇ ਜੀਵਨ ਵਿਚ ਵਿਸ਼ਵਾਸਾਂ ਆਦਿ ਨੂੰ ਵਿਕਸਤ ਅਤੇ ਦੂਸਰਿਆਂ ਨਾਲ ਸਬੰਧ ਕਾਇਮ ਕਰਨ ਦੀ ਪ੍ਰਕਿਰਿਆ ਹੈ ।ਸਿੱਖ ਧਰਮ ਦੀ ਸ਼ੁਰੂਆਤ ਭਾਰਤ ਵਿੱਚ ਗੁਰੂ ਨਾਨਕ ਪਾਤਸ਼ਾਹ ਜੀ ਤੋਂ ਹੋਈ ਜਿਹੜਾ ਕਿ ਇੱਕ ਸਰਬ-ਸ਼ਕਤੀਮਾਨ, ਸਰਬ-ਵਿਆਪਕ ਅਤੇ ਸਰਬ-ਪਾਲਕ ਇਕ ਪ੍ਰਭੂ / ਰੱਬ ਵਿੱਚ ਵਿਸ਼ਵਾਸ ਰੱਖਦਾ ਹੈ ਕਿਸੇ ਹੋਰ ਦੇਵੀ ਦੇਵਤੇ ਨੂੰ ਨਹੀਂ ਮੰਨਦਾ।ਸਿੱਖ ਧਰਮ ਦੀ ਹੋਂਦ ਤੋਂ ਹੀ ਸਨਾਤਨੀ, ਜਨਸੰਘੀ ਅਤੇ ਅਜੋਕੇ ਸਮੇਂ ਵਿੱਚ ਜਨਸੰਘ ਦੀ ਭਾਈਵਾਲ ਆਰ. ਐਸ. ਐਸ. ਨੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਜੋ ਨਿਰੰਤਰ ਜਾਰੀ ਹਨ। ਉਹ ਪ੍ਰਚਾਰਦੇ ਹਨ ਕਿ ਸਿੱਖ ਧਰਮ ਕੋਈ ਵੱਖਰਾ ਧਰਮ ਨਹੀਂ ਇਹ ਤਾਂ ਹਿੰਦੂਆਂ ਦਾ ਹੀ ਇੱਕ ਫਿਰਕਾ / ਸ਼ਾਖਾ ਹੈ ; ਗੁਰੂ ਸਾਹਿਬ ਨੇ ਖਾਲਸੇ ਦੀ ਸਿਰਜਣਾ ਹਿੰਦੂਆਂ ਦੀ ਰੱਖਿਆ ਵਾਸਤੇ ਕੀਤੀ ਸੀ ਅੱਜ ਕੱਲ੍ਹ ਕਿਉਂਕਿ ਹਿੰਦੂਆਂ ਨੂੰ ਕੋਈ ਖ਼ਤਰਾ ਨਹੀਂ, ਇਸ ਕਰਕੇ ਹਥਿਆਰਬੰਦ ਖਾਲਸੇ ਦੀ ਕੋਈ ਲੋੜ ਨਹੀ। ਸਿੱਖਾਂ ਦੇ ਇਸਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਲਗਾਤਾਰ ਹਮਲੇ ਜਾਰੀ ਹਨ ਜਿਸ ਵਾਰੇ ਇਹ ਕਿਹਾ ਜਾਂਦਾ ਹੈ ਕਿ ਵੇਦਾਂ ਦਾ ਹੀ ਵਿਕਾਸ ਅਤੇ ਪਰਸਾਰ ਹੈ ਤੇ ਇਸ ਵਿਚ ਕੁਛ ਨਵਾਂ ਨਹੀ। ਜਿਹੜੀ ਕਿ ਸਿੱਖਾਂ ਵਾਸਤੇ ਬਹੁਤ ਵੱਡੀ ਚੁਣੌਤੀ ਹੈ।ਰੂਹਾਨੀਅਤ ਦੇ ਕੇਂਦਰ ਦਰਬਾਰ ਸਾਹਿਬ ਤੇ ਅਕਾਲ ਤਖਤ ਉਪਰ ਭਾਰਤੀ ਫੌਜ ਵੱਲੋਂ ਹਮਲਾ ਕਰਕੇ ਢਹਿ ਢੇਰੀ ਕਰਨਾ ਅਤੇ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਨੂੰ ਘਰਾਂ ਵਿੱਚੋਂ ਕੱਢ ਕੇ ਵਹਿਸ਼ੀਆਨਾ ਢੰਗ ਨਾਲ ਕਤਲ ਕਰਨ ਦਾ ਇਹ ਵਰਤਾਰਾ ਨਸਲਕੁਸ਼ੀ ਸੀ ਤੇ ਹੈ।

ਨਾਨਕਸ਼ਾਹੀ ਕੈਲੰਡਰ ਦਾ ਕਤਲ ਵੀ ਬਾਹਰੀ ਸਿੱਖੀ ਦਿਖ / ਬਾਣੇ ਵਾਲੇ ਸਨਾਤਨੀ ਸੋਚ ਦੇ ਡੇਰੇਦਾਰਾਂ ਨੂੰ ਅੱਗੇ ਲਾ ਕੇ ਕਰਵਾਇਆ ਗਿਆ। ਜਿਸ ਨੂੰ ਕੇ ਸਾਰੇ ਦੁਨੀਆਂ ਦੇ ਸਿੱਖਾਂ ਨੇ 2003 ਤੋਂ 2010 ਤੱਕ ਅਪਨਾਇਆ। ਅੱਜ ਵੀ 90 ਪ੍ਰਤੀਸ਼ਤ ਵਿਦੇਸ਼ੀ ਸਿੱਖ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਮਾਨਤਾ ਦਿੰਦੇ ਹਨ। ਜਦੋਂ ਕੈਲੰਡਰ ਲਾਗੂ ਕੀਤਾ ਗਿਆ ਸੀ ਉਸ ਸਮੇਂ ਦੇ ਆਰ ਐਸ ਐਸ ਦੇ ਮੁਖੀ ਕੇ. ਐਸ. ਸੁਦਰਸ਼ਨ ਨੇ ਕਿਹਾ, " ਕਿ ਤੁਸੀਂ ਕੈਲੰਡਰ ਨੂੰ ਲਾਗੂ ਨਾ ਕਰੋ ਜੇ ਤੁਸੀਂ ਲਾਗੂ ਕਰ ਵੀ ਦਿੱਤਾ, ਤਾਂ ਅਸੀਂ ਇਸ ਨੂੰ ਚੱਲਣ ਨਹੀਂ ਦਿਆਂਗੇ। "ਭਾਰਤ ਸਰਕਾਰ ਵੱਲੋਂ ਕਰੋੜਾਂ ਰੁਪਿਆ ਹਵਾਈ ਰੱਸੀ ਤੇ ਖਰਚ ਕੇ ਹੇਮਕੁੰਟ ਦੀ ਯਾਤਰਾ ਨੂੰ ਸੁਖਾਲਿਆਂ ਬਣਾਉਣ ਅਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਇਸ ਦੀ ਸ਼ਲਾਘਾ ਕਰਨਾ ਸਿੱਖਾਂ ਵਾਸਤੇ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਸਿੱਖ ਧਰਮ ਜਾਂ ਗੁਰੂ ਸਾਹਿਬਾਨ ਦਾ ਇਸ ਨਾਲ ਦੂਰ ਦਾ ਵੀ ਕੋਈ ਵਾਸਤਾ ਨਹੀ, ਨਾ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਗੁਰੂ ਕਾਲ ਦੌਰਾਨ ਇਸ ਜਗ੍ਹਾ ਉਪਰ ਕਦੇ ਗਏ ਸਨ।ਸਿੱਖ ਪੰਥ ਹਮੇਸ਼ਾ ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੀਆਂ ਸ਼ਹਾਦਤਾਂ ਨੂੰ ' ਨਿੱਕੀਆਂ ਜਿੰਦਾਂ ਵੱਡੇ ਸਾਕੇ ' ਦੇ ਤੌਰ ਤੇ ਮਨਾਉਂਦੀਆਂ ਰਹੀਆਂ ਹਨ। ਭਾਰਤ ਸਰਕਾਰ ਨੇ ਇਸ ਨੂੰ ' ਵੀਰ ਬਾਲ ਦਿਵਸ ' ਦੇ ਨਾਮ ਨਾਲ ਮਨਾ ਕੇ ਸਾਹਿਬਜ਼ਾਦਿਆਂ ਦੀਆਂ ਲਾਸਾਨੀ ਸ਼ਹਾਦਤਾਂ ਦੇ ਰੁੱਤਬੇ ਨੂੰ ਘਟਾਇਆ ਹੀ ਨਹੀਂ ਬਲਕਿ ਦੇਸ਼ ਦੀਆਂ ਹੱਦਾਂ ਅਤੇ ਇਕ ਫਿਰਕੇ ਤੱਕ ਸੀਮਤ ਕਰਕੇ ਸਿੱਖ ਇਤਿਹਾਸ ਨੂੰ ਵਿਗਾੜਨ ਦੀ ਘਟੀਆ ਕੋਸ਼ਿਸ਼ ਵੀ ਕੀਤੀ। ਜਦੋਂ ਕਿ ਸਾਹਿਬਜ਼ਾਦਿਆਂ ਨੇ ਜਬਰ ਅਤੇ ਜ਼ੁਲਮ ਦਾ ਟਾਕਰਾ ਸਬਰ ਤੇ ਸਿਦਕ ਨਾਲ ਕਰਦਿਆਂ, ਸਰਕਾਰੀ ਈਨ ਨੂੰ ਨਾ ਮੰਨਦਿਆਂ ਹੋਇਆਂ ਸਮੁੱਚੀ ਮਨੁੱਖਤਾ ਦੇ ਭਲੇ ਜਾਂ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਅਦੁੱਤੀ ਸ਼ਹੀਦੀਆਂ ਦਿੱਤੀਆਂ।ਆਰ ਐਸ ਐਸ ਦੇ ਮੁਖੀ ਮੋਹਨ ਭਾਗਵਤ ਦਾ ਇਹ ਬਿਆਨ ਵੀ ਅੱਜ-ਕੱਲ੍ਹ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ :" ਹਿੰਦੂਤਵ ਭਾਰਤ ਦੀ ਪਛਾਣ ਹੈ ਇਹ ਵੱਖ-ਵੱਖ ਪਛਾਣ ਜਾਂ ਘੱਟ ਗਿਣਤੀਆਂ ਨੂੰ ਆਪਣੇ ਵਿੱਚ ਸਮੋ ਲੈਣ ਦੀ ਸਮਰੱਥਾ ਰੱਖਦਾ ਹੈ।"



**ਅਪਰਾਧਿਕ ਅਤੇ ਖੁਫੀਆ ਵਿਭਾਗ ਦੇ ਡਾਇਰੈਕਟਰ ਡੀ. ਪੈਟਰੀ ਦੀ 11 ਅਗਸਤ 1911 ਦੀ ਖੁਫੀਆ ਰਿਪੋਰਟ ਇਸ ਪ੍ਰਕਾਰ ਹੈ :**"ਹਿੰਦੂ ਮੱਤ ਮੁੱਢ ਤੋਂ ਹੀ ਸਿੱਖੀ ਦਾ ਦੁਸ਼ਮਣ ਚਲਿਆ ਆ ਰਿਹਾ ਹੈ ਕਿਉਂਕਿ ਸਿੱਖ ਗੁਰੂਆਂ ਨੇ ਜਾਤ ਪਾਤ ਜੋ ਬ੍ਰਾਹਮਣੀ ਮੱਤ ਦਾ ਅਧਾਰ ਸ਼ਿਲਾ ਹੈ ਉਸ ਦੀ ਡੱਟ ਕੇ ਮੁਖ਼ਾਲਫ਼ਤ ਕੀਤੀ। ਇਸ ਕਰਕੇ ਹਿੰਦੂਆਂ ਦੀ ਇਹ ਨੀਤੀ ਹੈ ਕਿ ਸਿੱਖ ਧਰਮ ਦਾ ਵਿਨਾਸ ਕੀਤਾ ਜਾਵੇ ਅਤੇ ਉਹ ਸਿੱਖ ਬੱਚਿਆਂ ਨੂੰ ਸਿੱਖੀ ਗ੍ਰਹਿਣ ਕਰਨ ਤੋਂ ਰੋਕਦੇ ਹਨ।ਸਿੱਖਾਂ ਦੇ ਬੱਚਿਆਂ ਨੂੰ ਅਮ੍ਰਿਤ ਛਕ ਕੇ ਤਿਆਰ ਬਰ ਤਿਆਰ ਖਾਲਸਾ ਬਣਨ ਤੋਂ ਵੀ ਰੋਕ ਰਹੇ ਹਨ।ਜੋ ਸਿੱਖੀ ਗ੍ਰਹਿਣ ਕਰ ਚੁੱਕੇ ਹਨ ਅਤੇ ਜੋ ਅੰਮ੍ਰਿਤਧਾਰੀ ਸਿੰਘ ਹਨ ਉਨ੍ਹਾਂ ਨੂੰ ਹਿੰਦੂ ਹਰ ਪ੍ਰਕਾਰ ਦੇ ਹੀਲੇ ਵਰਤ ਕੇ ਸਿੱਖੀ ਤੋਂ ਪਤਿਤ ਕਰਨ ਲਈ ਸਦਾ ਹੀ ਤੱਤਪਰ ਰਹਿੰਦੇ ਹਨ। ਹਿੰਦੂ ਧਰਮ ਨੇ ਬੁੱਧ ਮੱਤ ਦਾ ਗਲਾ ਘੁੱਟ ਕੇ ਉਸ ਨੂੰ ਮਾਰ-ਮੁਕਾਇਆ ਅਤੇ

(ਬਾਕੀ ਸਫਾ ਬੀ 20 ਤੇ)

LANGLEY BANQUET HALL




ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ

ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3

AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlesssteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਕਾਵਿ ਕਿਆਰੀ

## ਪਾਵਨ ਪਵਣ ਪਲੀਤ ਹੋ ਗਈ

ਪਾਵਨ ਪਵਣ ਪਲੀਤ ਹੋ ਗਈ,
ਧਰਤੀ ਮਾਂ ਗ਼ਰੀਬ ਹੋ ਗਈ।
ਆਪਣੇ ਹੀ ਸਪੂਤ ਦੇ ਹੱਥੋਂ,
ਇਸ ਦੀ ਦੇਹ ਅਜੀਬ ਹੋ ਗਈ।

ਮਾਯੂਸੀ ਦਾ ਮੰਜ਼ਰ ਹਰ ਪਾਸੇ,
ਪਰਤਣ ਫਿਰ ਕਦੀ ਮੁੜ ਕੇ ਹਾਸੇ।
ਐਸੇ ਸੁਪਨਿਆਂ ਦੀ ਕਹਾਣੀ,
ਸਦੀਆਂ ਦਾ ਅਤੀਤ ਹੋ ਗਈ।

ਨਾ ਉਹ ਫੁੱਲ, ਫੱਲ ਅਤੇ ਬੂਟੇ,
ਨਾ ਉਹ ਪੀਂਘਾਂ ਨਾ ਉਹ ਝੂਟੇ।
ਨਾ ਉਹ ਰਿਸ਼ਤੇ ਨਾ ਉਹ ਨਾਤੇ,
ਪ੍ਰੀਤ ਵੀ ਕੋਝਾ ਸੰਗੀਤ ਹੋ ਗਈ।

ਹਰ ਕਿਣਕਾ ਅੱਜ ਜ਼ਹਿਰ ਉਗਾਵੇ,
ਨਫ਼ਰਤ ਦਾ ਫਲ ਹਰ ਕੋਈ ਖਾਵੇ।
ਵਗਦੀ, ਬਰਸਦੀ ਅੰਮ੍ਰਿਤ ਧਾਰਾ,
ਕਹਿਰਾਂ ਭਰਿਆ ਗੀਤ ਹੋ ਗਈ।

ਜੰਗਲ, ਬੇਲੇ, ਸੁੰਦਰ ਪਰਬਤ,
ਉੱਜੜ, ਖੁਰ ਗਏ ਤੇਰੇ ਹੱਥੀਂ।
ਭੇਖੀ ਸਭਿਆਚਾਰ ਦੀ ਧਾਰਾ,
ਅਨਿਖੜਵੀਂ ਅੱਜ ਰੀਤ ਹੋ ਗਈ।

ਆਪੋ ਧਾਪੀ ਹਰ ਪਾਸੇ ਹੈ,
ਧਰਤੀ ਦਾ ਸੀਨਾ ਹੈ ਛਲਣੀ।
ਖੋਖਲੀ ਕਰ ਦਿੱਤੀ ਪੁੱਟ, ਪੁੱਟ ਕੇ,
ਨਿੱਘੀ ਕੁੱਖ ਅੱਜ ਸੀਤ ਹੋ ਗਈ।

ਖਾ ਚੁੱਕਾ ਤੂੰ ਹਰ ਪਦਾਰਥ,
ਭਸਮ ਕਰ ਗਿਆਂ ਹਰ ਤੂੰ ਸੋਮਾ।
ਤੇਰੀ ਹੋਂਦ ਨੂੰ ਹੁਣ ਹੈ ਖ਼ਤਰਾ,
ਪਸਤ ਤੇਰੀ ਤੌਫ਼ੀਕ ਹੋ ਗਈ।

ਹਾਲੇ ਵੀ ਇੱਕ ਮੌਕਾ ਬਚਿਆ,
ਕਰ ਹੀਲਾ ਜੇ ਹੋ ਸਕਦਾ ਹੈ।
ਪੈਰੀਂ ਪੈ ਕੁਦਰਤ
ਮਾਤਾ ਦੇ,
ਕਿਉਂ ਭੈੜੀ ਤੇਰੀ
ਨੀਤ ਹੋ ਗਈ?



ਬਖਸ਼ਾ ਲੈ ਭੁੱਲਾਂ
ਕਰ ਅਰਦਾਸਾਂ,
ਔਝੜੇ ਰਸਤਿਉਂ
ਮੋੜ ਮੁਹਾਰਾਂ।
ਛੱਡ ਤਰੱਕੀਆਂ
ਸੌਖਾ ਹੋ ਜਾ,
ਫੇਰ ਨਾ ਕਹੀਂ
ਅਖੀਰ ਹੋ ਗਈ!

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ ਕੇ

## ਇਕੱਠ ਦੁਰਕਾਰਿਆਂ ਦਾ

ਚਾਲ਼ੀ ਮੁਕਤਿਆਂ ਵਾਲ਼ੇ ਅਸਥਾਨ ਲਾਗੇ
'ਚਾਲ਼ੀ ਚੋਰਾਂ' ਦੇ ਬੋਲੇ 'ਜੈਕਾਰਿਆਂ' ਨੇ।
'ਦਲ' ਦੇ ਨਾਮ ਨੂੰ ਹੋਰ ਬਦਨਾਮ ਕਰ'ਤਾ
ਲਾਏ 'ਟੱਬਰ ਦੀ ਸ਼ਾਨ' ਵਿੱਚ ਨ੍ਹਾਰਿਆਂ ਨੇ।
ਕਈ 'ਬਾਪੂਆਂ' ਮੰਨ ਲਈ ਈਨ ਤਾਂਹੀਂ
ਆਪੋ ਆਪਣੇ ਪੁੱਤਰ-ਮੋਹ ਮਾਰਿਆਂ ਨੇ।
'ਅਲੀ ਬਾਬੇ' ਦੇ ਕਾਰੇ ਭੁਲਾਇ ਦਿੱਤੇ
ਮਲਕ ਭਾਗੋ ਦੇ ਨੇੜਲੇ ਪਿਆਰਿਆਂ ਨੇ।
ਕੀਤੇ 'ਝੂੰਦਾ ਕਮੇਟੀ' ਨੇ ਫੈਸਲੇ ਜੋ
ਅਣਡਿੱਠ ਕਰ ਦਿੱਤੇ 'ਹੰਕਾਰਿਆਂ' ਨੇ।
ਚੌਧਰ ਪਾਰਟੀ ਵਿੱਚ ਦਰਸਾਉਣ ਖਾਤਰ
ਕਰ ਕੇ 'ਕੱਠ ਦਿਖਾਇਆ ਦੁਰਕਾਰਿਆਂ ਨੇ !

ਤਰਲੋਚਨ ਸਿੰਘ 'ਦੁਪਾਲ ਪੁਰ'

## ਇਬਾਦਤ

**ਅਮਰਜੀਤ ਸਿੰਘ ਫ਼ੌਜੀ**

ਇਸ਼ਕ, ਇਬਾਦਤ, ਪਿਆਰ ਮੁਹੱਬਤ
ਇਹ ਫੱਕਰਾਂ ਦੇ ਗਹਿਣੇ
ਤੂੰ ਵੀ ਪਾ ਲੈ ਜਿੰਦ ਮੇਰੀਏ
ਲੱਗ ਸਿਆਣਿਆਂ ਦੇ ਕਹਿਣੇ
ਹੁਸਨ, ਜਵਾਨੀ, ਨਖਰੇ ਸ਼ਖਰੇ
ਸਦਾ ਨਾਲ ਨਹੀਂ ਰਹਿਣੇ
ਕੋਠੀਆਂ, ਕਾਰਾਂ, ਦੌਲਤ, ਬੰਗਲੇ
ਆਖ਼ਰ ਛੱਡਣੇ ਪੈਣੇ
ਭੁੱਲ ਜਾ ਲੋਕੀਂ ਕੀ ਆਖਣਗੇ
ਸਿੱਖ ਲੈ ਮਿਹਣੇ ਸਹਿਣੇ
ਛੱਡ ਉੱਚਿਆਂ ਦੀ ਯਾਰੀ ਅੜੀਏ
ਰੱਖ ਨੀਵਿਆਂ ਸੰਗ ਬਹਿਣੇ
ਮੈਂ ਬੁਰੀ, ਮੈਥੋਂ ਸਭ ਚੰਗੀਆਂ
ਦਿਲ 'ਚ ਵਸਾ ਲੈ ਭੈਣੇ
ਸਮਾਂ ਬੀਤਦਾ ਜਾਵੇ 'ਫ਼ੌਜੀ' ਦੇ,
ਆਖੇ ਲੱਗ ਸ਼ੁਦੈਣੇ।

## ਧਰਤੀ ਵੱਲ ਵੇਖਦਾ

**ਰਣਜੀਤ ਆਜ਼ਾਦ ਕਾਂਝਲਾ**

ਉਮਰ ਹੰਢਾਕੇ ਬਾਪੂ ਧਰਤੀ ਵੱਲ ਵੇਖਦਾ!
ਗੁਜ਼ਰ ਗਏ ਰੰਗਲੇ ਬਚਪਨ ਨੂੰ ਟੋਲਦਾ!
ਕਮਾਈ ਕਰਦਿਆਂ ਜਵਾਨੀ ਗੁਜ਼ਰ ਗਈ,
ਕਦੇ ਧਰਤੀ ਨੂੰ ਗਿੱਠਾਂ ਨਾਲ ਸੀ ਮੇਚਦਾ!
ਬਚਪਨ ਬੀਤਿਆ ਜਵਾਨੀ 'ਚ ਪੈਰ ਪਾਏ,
ਕੁਝ ਨਾ ਜਾਣ ਸਕੇ ਲਿਖੇ ਓਹਦੇ ਲੇਖ ਦਾ!
ਜ਼ਿੰਦਗੀ ਦੀ ਸ਼ਾਮ ਆਈ ਨੇੜੇ ਹੈ ਜਾਪਦੀ,
ਮੁੜ ਘੁੜ ਹੁਣ ਉਹ ਅੱਗਾ ਪਿੱਛਾ ਦੇਖਦਾ!
ਮੈਲ਼ੇ ਕੁਚੈਲ਼ੇ ਬਸਤਰਾਂ ਨਾਲ ਤਨ ਕੱਜਿਐ,
ਫਟੀ ਪੱਗੜੀ ਦਾ ਮੁਚਿਆ ਸ਼ਮ੍ਹਲਾ ਵੇਖਦਾ!
ਬੁਢਾਪੇ ਦਾ ਸਮਾਂ ਕੱਢਣਾ ਔਖਾ ਹੈ ਕਿੰਨਾ?
ਮਨ 'ਚ ਏਸੇ ਪ੍ਰਸ਼ਨ ਦਾ ਹੀ ਉੱਤਰ ਖੋਜਦਾ!
ਅੱਜ ਰੋਟੀ ਤੋਂ ਵੀ ਆਤੁਰ ਹੋਇਆ ਝੂਰਦਾ,
ਅੰਤਲੇ ਸਮੇਂ ਨੂੰ ਪ੍ਰਾਣੀ ਕਿੰਝ ਪਿਆ ਸੋਚਦਾ!
ਐ ਦਾਤਾ ਬੁਢਾਪੇ ਵਿੱਚ ਕਿਸੇ ਨੂੰ ਰੋਲੀ ਨਾ,
ਚਲਦੇ ਸਰੀਰ ਦਾ ਨਿਬੇੜਾ ਕਰਨਾ ਲੋਚਦਾ!
ਛੱਡ 'ਅਜ਼ਾਦ' ਫ਼ਿਕਰ ਕਰਨਾ ਏਸ ਦੇਹ ਦਾ,
ਲਤਾੜੀ ਹੋਈ ਮਿੱਟੀ 'ਚੋਂ ਅਕਸ ਹੈ ਦੇਖਦਾ?

## ਬੇ-ਵਕਤੇ ਮੀਂਹ ਨਾਲ

**ਗਗਨਦੀਪ ਸਿੰਘ ਬੁਗਰਾ**

ਕਦੇ ਬੇਵਕਤੇ ਮੀਂਹ ਨਾਲ
ਫ਼ਸਲਾਂ ਨਹੀਂ ਝੂੰਮਦੀਆਂ,
ਪੱਤੇ ਨਹੀਂ ਹੱਸਦੇ,
ਤੇ ਖੇੜੇ ਨਹੀਂ ਮੌਲਦੇ।
ਬਹੁਤ ਕੁਝ ਬਦਲ ਜਾਂਦਾ
ਬੇਵਕਤੇ ਮੀਂਹ ਨਾਲ।
ਖੇਤਾਂ 'ਚ ਰੁਦਨਮਈ ਪੌਣ ਵਗਦੀ ਹੈ,
ਸਿਆੜਾਂ 'ਚ ਵੈਣ ਉੱਗਦੇ ਨੇ,
ਹਉਕੇ ਵੱਟੋ-ਵੱਟ ਤੁਰਦੇ ਨੇ,
ਸੁੱਕ ਜਾਂਦੀ ਹੈ ਚਾਵਾਂ ਦੀ ਵੱਤਰ,
ਤੇ ਘੇਰ ਲੈਂਦੀ ਹੈ ਵੇਦਨਾ ਦੀ ਲੰਬੀ ਔੜ।
ਕਣੀਆਂ ਨਾਲ ਹੰਝੂਆਂ ਦੀ ਝੜੀ ਵੀ ਲੱਗਦੀ ਹੈ,
ਤੇ ਕਿਤੇ ਕਿਤੇ ਖ਼ੁਦਕੁਸ਼ੀਆਂ ਵੀ ਪੁੰਗਰ ਆਉਂਦੀਆਂ ਨੇ।
ਬੜਾ ਕੁਝ ਬਦਲ ਜਾਂਦੈ,
ਬੇਵਕਤੇ ਮੀਂਹ ਨਾਲ।

## ਸਮਿਆਂ ਦੀ ਵੰਗਾਰ

ਅਮੋਲਕ ਸਿੰਘ

ਸੌ ਵਰ੍ਹੇ ਦੀ ਗੱਲ ਹੈ ਸੁਣ ਸਮਿਆਂ ਦੀ ਵੰਗਾਰ
ਗ਼ਦਰ ਗ਼ਦਰ ਸੀ ਆਖਦਾ ਗ਼ਦਰੀ ਇੱਕ ਅਖ਼ਬਾਰ
ਕਾਲ਼ੇ ਅੱਖਰਾਂ ਤੋਂ ਕੰਬਦੀ ਸੀ ਗੋਰੀ ਸਰਕਾਰ
ਗਲ਼ 'ਗੂਠਾ ਤਾਂ ਦੇਣ ਨੂੰ ਰਹੀ ਸੀ ਛਾਪੇ ਮਾਰ
ਕਦੋਂ ਦਬਾਇਆਂ ਦਬਦੀ ਸਮਿਆਂ ਦੀ ਵੰਗਾਰ
ਚਹੁੰ ਕੂਟਾਂ ਵਿੱਚ ਫੈਲ ਗਈ ਲੋਕਾਂ ਦੀ ਲਲਕਾਰ
'ਕਿਰਤੀ', 'ਲਾਲ ਢੰਡੋਰਾ' ਤੇ 'ਮਜ਼ਦੂਰ ਕਿਸਾਨ'
ਇਹ ਅਖ਼ਬਾਰ ਸੀ ਬਣ ਗਏ ਲੋਕਾਂ ਦੀ ਜਿੰਦ ਜਾਨ
ਸੁੱਚੇ ਅੱਖਰ ਸਿਰਜਦੇ ਜੋ ਵੀ ਪੱਤਰਕਾਰ
ਨਿੱਤ ਨਿੱਤ ਆਵਣ ਧਮਕੀਆਂ ਤੇ ਘੂਰੇ ਸਰਕਾਰ
ਜੋ ਲੋਕਾਂ ਸੰਗ ਖੜ੍ਹਨਗੇ ਪਲਕਾਂ ਤੇ ਲੈਣ ਬਿਠਾ
ਜਾਹ ਓਏ ਵੱਡਿਆ ਹਾਕਮਾ ਤੂੰ ਆਪਣਾ ਜ਼ੋਰ ਲਗਾ
ਲੋਕ ਜੰਗਲ ਦੇ ਨਾਦ ਨੂੰ ਭਲਾ ਕੀ ਕਰੇਗੀ ਜੋਕ
ਲਿਖ ਤੂੰ ਕਲਮੇਂ ਲਿਖ ਨੀ ਕੌਣ ਲਵੇਗਾ ਰੋਕ।


SINGH THIND & ASSOCIATES
#208, 7110 120 Street, Surrey, BC

"ਆਪਣੇ ਭਾਈਚਾਰੇ ਦਾ ਮਾਣ"

*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponsorships of spouses, dependant children and parents
*Inland sponsorships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886

SINGH THIND & ASSOCIATES
BARRISTERS & SOLICITORS

## (ਸਫਾ ਏ18 ਦੀ ਬਾਕੀ)

ਹਿੰਦੂ ਸਿੱਖਾਂ ਦਾ ਵਿਨਾਸ ਕਰਨ ਵਿੱਚ ਬਹੁਤ ਹੱਦ ਤੱਕ ਸਫਲ ਹੋ ਚੁੱਕੇ ਹਨ।" ਪਰ ਬਿਪਰ ਨੇ ਤਾਂ ਗੁਰੂ ਨਾਨਕ ਸਾਹਿਬ ਦੇ ਪਿੱਛੋਂ ਹੀ ਸਿੱਖਾਂ ਦੇ ਦੋਖੀਆਂ ਨੂੰ ਹੰਧਾਲੀਆ ਨਾਲ ਰਲਾ ਤੇ ਸਮੇਂ ਦੇ ਮੁਸਲਿਮ ਹਾਕਮਾਂ ਨੂੰ ਭੀ ਗੰਢ ਕੇ ਭਾਈ ਬਾਲੇ ਦੀ ਕਲਪਤਿ ਸਾਖੀ ਛਪਵਾ ਕੇ ਬਹੁਤ ਵੱਡਾ ਹਮਲਾ ਕੀਤਾ ਸੀ ਜੋ ਉਹ ਅੱਜ ਵੀ ਸਿੱਖਾਂ ਨੂੰ ਗੁਮਰਾਹ ਕਰ ਰਹੀ ਹੈ।ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਦੀ 1932 ਵਿੱਚ ਕੀਤੀ ਭਵਿਖਬਾਣੀ :-"ਗੁਰੂ ਨਾ ਕਰੇ ਜੇ ਕਦੇ ਸਿੱਖ ਹਿੰਦੂਆਂ ਦੇ ਹੇਠਾਂ ਆ ਗਏ ਤਾਂ ਸਿੱਖਾਂ ਦੇ ਸਾਹਮਣੇ ਸਵਾਲ ਜ਼ਿੰਦਗੀ ਦੇ ਬਚਾਅ ਦਾ ਹੋਵੇਗਾ, ਰਾਜ ਭਾਗ ਵਿੱਚ ਹਿੱਸੇਦਾਰ ਬਣਨ ਦਾ ਨਹੀ।" ਇਹ ਸਮੇ ਦੇ ਤਥਾਂ ਉੱਤੇ ਅਧਾਰਤ ਭਵਿਖਵਾਣੀ ਵੀ ਕਾਫੀ ਹੱਦ ਤੱਕ ਸਹੀ ਸਾਬਤ ਹੋ ਰਹੀ ਹੈ ।ਮੋਸਸਿਨਫਾਨੀ ਸਿੱਖ ਧਰਮ ਬਾਰੇ ਇਸ ਪ੍ਰਕਾਰ ਲਿਖਦਾ ਹੈ :ਸਿੱਖ ਧਰਮ ਦਾ ਮੂਲ 'ਸਿੱਖ ਸਿਧਾਂਤ ਹੈ ' ਜੋ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਥਾਵਾਂ ਦੇ ਉਪਰ ਅੰਕਤ ਹੈ।

ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥ ਗ.ਗ.ਸ.ਪੰਨਾ 1136

ਮੈਂ ਨਾ ਹਿੰਦੂ ਧਰਮ ਵਿੱਚ ਵਿਸ਼ਵਾਸ ਰੱਖਦਾ ਹਾਂ। ਅਤੇ ਨਾ ਹੀ ਇਸਲਾਮ ਮਤ ਵਿਚ । ਮੈਂ ਕੇਵਲ ਤੇ ਕੇਵਲ ਸਰਬ ਸ਼ਕਤੀਮਾਨ, ਸਰਬ ਵਿਆਪਕ, ਸਰਬ ਪਾਲਣਹਾਰ ਪ੍ਰਮਾਤਮਾ ਪ੍ਰਭੂ ਦੇ ਨਾਲ ਪਿਆਰ ਕਰਦਾ ਹਾਂ, ਜੋ ਕਿ ਸਾਰੇ ਜੀਵਾਂ ਦਾ ਮਾਲਕ ਹੈ। ਜਿਸ ਨੂੰ ਹਿੰਦੂ ਰਾਮ ਕਹਿੰਦੇ ਹਨ ਅਤੇ ਮੁਸਲਮਾਨ ਅੱਲਾ । ਸਿੱਖੀ ਦੇ ਸ਼ਬਦ ਗੁਰੂ ਨੇ ਸਪਸ਼ਟ ਕਰ ਦਿੱਤਾ ਕਿ ਸ਼ਬਦ ਗੁਰੂ ਨੂੰ ਧੁਰ ਦਿਲੋਂ ਮੰਨਣ ਅਤੇ ਉਸ ਅਨੁਸਾਰ ਜੀਵਨ , ਬਤੀਤ ਕਰਨ ਵਾਲਿਆਂ ਦਾ ਹਿੰਦੂ, ਮੁਸਲਿਮ ਆਦਿ ਧਰਮਾਂ ਨਾਲ ਕੋਈ ਭੀ ਸੰਬੰਧ ਨਹੀ।

ਪੰਡਿਤ ਮੁਲਾਂ ਜੋ ਲਿਖ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ ॥ ਗ.ਗ.ਸ. ਪੰਨਾ 1158

ਪੰਡਿਤ ਅਤੇ ਮੁਲਾਂ ਨੇ ਕਰਮ ਕਾਂਡ ਜਾਂ ਸ਼ਗ੍ਹਾ ਵਾਰੇ ਜੋ ਕੁਛ ਲਿਖਿਆ ਹੈ ਮੇਰਾ ਇਸ ਨਾਲ ਕੋਈ ਵਾਸਤਾ ਨਹੀ ਇਹ ਦੋਵੇਂ ਮੁਢ ਤੋਂ ਨਿਕਾਰ ਦਿੱਤੇ ਹਨ । ਕਿਉਕਿ ਇਹ ਦੋਨੋਂ ਹੀ ਆਪਣੇ ਮੂਲ ਨਾਲੋਂ ਟੁੱਟੇ ਹੋਏ ਹਨ। ਸਿੱਖੀ ਦਾ ਮੂਲ ਸਿਧਾਂਤ ਨਾਮ ਜਪਨਾ, ਧਰਮ ਦੀ ਕਿਰਤ ਕਰਨੀ , ਲੋੜਵੰਦਾਂ ਨਾਲ ਵੰਡਕੇ ਛਕਣਾ। ਜਿਥੇ ਗੁਰਦੁਆਰਿਆਂ ਵਿੱਚ ਸ਼ਰਧਾਲੂਆਂ ਨੂੰ ਗੁਰਬਾਣੀ ਦੇ ਪਰਵਾਹ ਤੋਂ ਆਤਮਿਕ ਖੁਰਾਕ ਤੇ ਊਰਜਾ ਮਿਲਦੀ ਹੈ ਉੱਥੇ ਸਰੀਰਕ ਸੰਤੁਸ਼ਟੀ ਵਾਸਤੇ ਗੁਰੂ ਕੇ ਲੰਗਰ ਵੀ ਉਪਲੱਬਧ ਹਨ।

ਸਿੱਖ ਨੂੰ ਹੁਕਮ ਹੈ:ਘਾਲਿ ਖਾਇ ਕਿਛੁ ਹਥਹੁ ਦੇਇ ॥ ਗ.ਗ.ਸ.ਪੰਨਾ 1245

ਸਤ, ਸੰਤੋਖ, ਦਇਆ, ਧਰਮ ਅਤੇ ਧੀਰਜ ਆਦਿ ਦੈਵੀ ਗੁਣਾਂ ਦੇ ਧਾਰਨੀ ਹੀ ਮਨੁੱਖਤਾ ਦੀ ਸੇਵਾ ਲਈ ਅੱਗੇ ਆਉਂਦੇ ਹਨ। ਕਿਉਕਿ ਉਨਾਂ ਦੀ ਸੁਰਤ ਅਕਾਲ ਪੁਰਖ ਦੇ ਚਰਨਾਂ ਵਿਚ ਜੁੜੀ ਹੋਈ ਹੁੰਦੀ ਹਨ। ਜਿਸ ਤਰਾਂ ਦੁਨੀਆਂ ਦੇ ਵਿੱਚ ਕਿਤੇ ਵੀ ਕੋਈ ਕੁਦਰਤੀ ਆਫਤ ਆਉਂਦੀ ਹੈ ਤਾਂ ਖਾਲਸਾ ਏਡ ਦੇ ਸੇਵਾਦਾਰ ਬਗੈਰ ਕਿਸੇ ਜਾਤ-ਪਾਤ, ਛੂਤ-ਛਾਤ, ਅਤੇ ਭਿੰਨ-ਭੇਦ ਦੇ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਮਨੁੱਖਤਾ ਦੀ ਸਹਾਇਤਾ ਲਈ ਪਹੁੰਚ ਜਾਂਦੇ ਹਨ। ਹਰ ਸਾਲ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਸਿੱਖਾਂ ਵਲੋਂ ਖੂਨ ਦਾਨ ਕੈਂਪ ਲਗਾ ਕੇ ਅਨਗਿਣਤ ਮਰੀਜਾਂ ਨੂੰ ਨਵੀ ਜ਼ਿੰਦਗੀ ਬਸਰ ਕਰਨ ਵਿੱਚ ਮਦਦ ਕੀਤੀ ਜਾਂਦੀ ਹੈ ।

ਏਕੁ ਗੁਸਾਈ ਅਲਹੁ ਮੇਰਾ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥ ਗ.ਗ.ਸ. ਪੰਨਾ 1136

ਹਿੰਦੂ ਤੁਰਕ ਦੋਹਾਂ ਨਾਲ ਮੇਰੀ ਕੋਈ ਸਾਂਝ ਨਹੀ ਹੈ; ਮੈਂ ਨਾ ਵਰਤ ਰੱਖਦਾ ਹਾਂ ਨਾ ਮੇਰਾ ਰਮਜ਼ਾਨ ਦੇ ਮਹੀਨੇ ਰੋਜਿਆਂ ਨਾਲ ਕੋਈ ਸਬੰਧ ਹੈ । ਅਤੇ ਮੈਂ ਸਭ ਦੇ ਪਾਲਣਹਾਰ ਪਰਮਾਤਮਾ ਪਰਮੇਸਰ ਦੀ ਬੰਦਗੀ ਕਰਦਾ ਹਾਂ ਜਿਸ ਦੀ ਜੋਤ ਹਰੇਕ ਜੀਵ ਦੇ ਵਿਚ ਮੌਜੂਦ ਹੈ ਉਸ ਨੂੰ ਹਿੰਦੂ ਰਾਮ ਤੇ ਮੁਸਲਮਾਨ ਗੁਸਾਂਈ ਕਹਿੰਦੇ ਹਨ ।

ਇਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥ ਗ.ਗ.ਸ. ਪੰਨਾ 1188

ਆਪਣੇ ਹਿਰਦੇ ਵਿੱਚ ਪੱਕੇ ਵਿਸ਼ਵਾਸ ਨਾਲ ਪ੍ਰਭੂ ਦਾ ਨਾਮ ਸਿਮਰਨਾ ਹੀ ਇਕੋ ਇਕ ਠੀਕ ਧਰਮ ਹੈ ਜਿਸਦੇ ਰਾਹੀਂ ਮਨੁੱਖ ਗੁਰੂ ਦੀ ਮੱਤ ਲੈ ਕੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਵਿਕਾਰਾਂ ਦੇ ਟਾਕਰੇ ਤੋਂ ਸਦਾ ਅਜ਼ਾਦ ਤੇ ਅਡੋਲ ਹੋ ਜਾਂਦਾ ਹੈ ।

ਧੀਰਜੁ ਧਰਮੁ ਗੁਰਮਤਿ ਹਰਿ ਪਾਇਆ ਨਿਤ ਹਰਿ ਨਾਮੈ ਹਰਿ ਸਿਉ ਚਿਤੁ ਲਾਵੈ॥ ਗ.ਗ.ਸ.ਪੰਨਾ 494

ਜਿਹੜਾ ਮਨੁੱਖ ਹਰ ਵੇਲੇ ਹਰਿ ਨਾਮ ਵਿੱਚ ਲੀਨ ਰਹਿੰਦਾ ਹੈ ਅਤੇ ਇਕ ਪਰਮਾਤਮਾ ਵਿੱਚ ਚਿੱਤ ਜੋੜੀ ਰੱਖਦਾ ਹੈ ਉਹ ਧੀਰਜ ਹਾਸਲ ਕਰਕੇ ਧਰਮ ਕਮਾਉਣ ਲੱਗ ਪੈਂਦਾ ਹੈ ਅਤੇ ਗੁਰਮਤਿ ਉਪਰ ਤੁਰਕੇ ਪ੍ਰਭੂ ਵਿੱਚ ਲੀਨ ਹੋ ਜਾਂਦਾ। "ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ।" ਗ.ਗ.ਸ. ਪੰਨਾ 1372

ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥ ਗ.ਗ.ਸ. ਪੰਨਾ 622

ਪਰਮਾਤਮਾ ਦਾ ਨਾਮ ਸਿਮਰਨਾ ਤੇ ਹਿਰਦੇ ਵਿੱਚ ਵਿਸਾਉਣਾ ਹੀ ਜੀਵਨ ਦਾ ਸਹੀ ਰਸਤਾ ਅਤੇ ਧਰਮ ਦੀ ਪੌੜੀ ਹੈ ਜੋ ਕੰਮ ਬਹੁਤ ਕਠਨ ਹੈ। ਵਿਰਲਾ ਭਾਗਾਂ ਵਾਲਾ ਹੀ ਇਸ ਪਉੜੀ ਉਪਰ ਪਹੁੰਚਦਾ ਹੈ।ਸਿੱਖ ਧਰਮ ਦਾ ਹਿੰਦੂ ਅਤੇ ਮੁਸਲਮਾਨ ਜਾਂ ਕਿਸੇ ਹੋਰ ਧਰਮ ਨਾਲ ਕੋਈ ਸਬੰਧ ਨਹੀਂ ਹੈ ਜਿਸ ਤਰ੍ਹਾਂ ਹਿੰਦੂਆਂ ਦਾ ਕੋਈ ਇੱਕ ਧਾਰਮਿਕ ਗ੍ਰੰਥ ਨਹੀ, ਚਾਰ ਵੇਦ : ਰਿਗਵੇਦ, ਯਜੁਰਵੇਦ, ਸਾਮਵੇਦ, ਅਥਰਵਵੇਦ ਹਨ। ਪੁਰਾਣ, ਸਿਮਰਤੀਆਂ, ਗੀਤਾ, ਮਹਾਭਾਰਤ ਅਤੇ ਰਾਮਾਇਣ ਵੀ ਹਿੰਦੂ ਮਤ ਦੇ ਧਰਮ ਗ੍ਰੰਥ ਹਨ। ਹਿੰਦੂ ਧਰਮ ਵਿਚ ਦੇਵੀ ਦੇਵਤਿਆਂ ਦੀ ਪੂਜਾ, ਮੂਰਤੀ ਪੂਜਾ , ਜਾਤ-ਪਾਤ, ਛੂਤ-ਛਾਤ , ਵਹਿਮ ਭਰਮ , ਬਰਤ ਰੱਖਣ ਅਤੇ ਸਗਨ-ਅਪਸਗਨ ਆਦਿ ਦੀ ਖੁੱਲ ਹੈ, ਇਨ੍ਹਾਂ ਸਾਰੇ ਕਰਮਕਾਂਡਾਂ ਦੀ ਸਿੱਖ ਧਰਮ ਵਿੱਚ ਮਨਾਹੀ ਹੈ। ਸਿੱਖਾਂ ਦਾ ਇਕੋ ਇੱਕ ਧਰਮਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਜਿਸ ਤੋਂ ਸਿੱਖ ਧਾਰਮਿਕ, ਸਮਾਜਕ, ਰਾਜਨੀਤਕ ਅਤੇ ਆਰਥਕ ਅਗਵਾਈ ਲੈਂਦੇ ਹਨ । ਸਿੱਖਾਂ ਦਾ ਸਭਿਆਚਾਰ, ਬੋਲੀ, ਧਾਰਮਿਕ ਦਿਹਾੜੇ, ਜਨਮ-ਮਰਨ, ਅਨੰਦ ਕਾਰਜ, ਅੰਮ੍ਰਿਤ ਸੰਸਕਾਰ ਅਤੇ ਧਾਰਮਿਕ ਚਿੰਨ੍ਹ ਹਿੰਦੂਆਂ ਤੋਂ ਅਲੱਗ ਹਨ। ਤਾਂ ਫਿਰ ਸਿੱਖ ਹਿੰਦੂ ਕਿਵੇਂ ਹੋਏ ? ਗੁਰੂ ਗ੍ਰੰਥ ਸਾਹਿਬ ਜੀ ਦਾ ਮੁਖ ਸੁਨੇਹਾ ਇਕ ਪ੍ਰਮਾਤਮਾ ਪ੍ਰਭੂ ਨਾਲ ਪਿਆਰ ਕਰਨਾ, ਇਨਸਾਨੀਅਤ ਦੀ ਕਦਰ ਕਰਨਾ, ਪ੍ਰਮਾਤਮਾ ਦੀ ਜੋਤ ਨੂੰ ਹਰੇਕ ਪਰਾਣੀ ਵਿੱਚ ਵੇਖਣਾ ਹੈ।ਐਚ ਐਲ ਬਰਡਸ਼ਾਹ ਜੋ ਕਿ ਇਕ ਪਾਦਰੀ ਸੀ ਜਿਸ ਦੇ ਸਿੱਖ ਧਰਮ ਵਾਰੇ ਵਿਚਾਰ-ਸਿੱਖ ਰਿਵਿਉ ਕਲਕੱਤਾ ਵਿੱਚ ਇਸ ਪ੍ਰਕਾਰ ਛਪੇ:"ਸਿੱਖੀ ਇਕ ਬ੍ਰਹਿਮੰਡੀ ਅਤੇ ਸਮੁੱਚੇ ਸੰਸਾਰ ਦਾ ਧਰਮ ਹੈ। ਇਹ ਸਰਬੱਤ ਲਈ ਸਰਬ ਉਚਤਮ ਕਲਿਆਣਕਾਰੀ ਸੰਦੇਸ਼ ਹੈ। ਇਹ ਗੁਰੂ ਸਾਹਿਬਾਨ ਦੀ ਬਾਣੀ ਵਿੱਚੋਂ ਬਾਖ਼ੂਬੀ ਝਲਕਦਾ ਹੈ। ਸਿੱਖਾਂ ਨੂੰ ਇਹ ਗੱਲ ਮਨੋਂ ਕੱਢ ਦੇਣੀ ਚਾਹੀਦੀ ਹੈ ਕਿ ਸਿੱਖੀ ਹੋਰ ਧਰਮਾਂ ਵਾਂਗ ਬਸ ਇਕ ਹੋਰ ਧਰਮ ਹੈ ਬਲਕਿ ਇਸ ਨੂੰ ਨਵੇਂ ਯੁਗ ਦਾ ਇੱਕ ਧਰਮ ਕਰ ਕੇ ਦੇਖਣਾ ਚਾਹੀਦਾ।"

**ਸਤਨਾਮ ਸਿੰਘ ਜੌਹਲ ਐਮ. ਏ. ਜੌਗਰਫੀ**
604-307-3800

**GARCHA Plumbing Heating & Repair Ltd.**
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All



TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

**AKALI SINGH SIKH SOCIETY**
1890- SKEENA STREET, VANCOUVER, B.C., CANADA
PHONE (604) 254-2117, FAX: (604) 254-5309
ਦੇਗ ਤੇਗ ਫਤਿਹ
ਪੰਥ ਕੀ ਜੀਤ

17 ਜਨਵਰੀ, ਦਿਨ ਮੰਗਲਵਾਰ......2:30 ਸਵ. ਭਾਈ ਬਲਵੀਰ ਸਿੰਘ ਜੁਤਲਾ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
17 ਜਨਵਰੀ, ਦਿਨ ਮੰਗਲਵਾਰ.......ਸ਼ਾਮ 5:00 ਵਜੇ ਸਵ. ਮਾਤਾ ਅਮਰ ਕੌਰ ਸੁਪਤਨੀ ਸਵ. ਭਾਈ ਜਰਨੈਲ ਸਿੰਘ ਦੁਸਾਂਝ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
18 ਜਨਵਰੀ, ਦਿਨ ਬੁੱਧਵਾਰ........ਸ਼ਾਮ 3:30 ਵਜੇ ਸਵ. ਭਾਈ ਬਖਸ਼ੀਸ਼ ਸਿੰਘ ਦੁਸ਼ਾਂਝ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
19 ਜਨਵਰੀ, ਦਿਨ ਵੀਰਵਾਰ.......12:30 ਵਜੇ ਸਵਰਗਵਾਸੀ ਭਾਈ ਫੁੰਮਣ ਸਿੰਘ ਸੰਧਰ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
20 ਜਨਵਰੀ, ਦਿਨ ਸ਼ੁੱਕਰਵਾਰ......12:30 ਵਜੇ ਸਵ. ਭਾਈ ਅਵਤਾਰ ਸਿੰਘ ਬਨੈਤ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪੈਣਗੇ।
21 ਜਨਵਰੀ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਰਾਜਨ ਸਿੰਘ ਬਜਾਜ ਅਤੇ ਪਰਿਵਾਰ ਵਲੋਂ ਹੋਵੇਗੀ।
22 ਜਨਵਰੀ, ਦਿਨ ਐਤਵਾਰ........ਸਵੇਰ 9:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
22 ਜਨਵਰੀ, ਦਿਨ ਐਤਵਾਰ........ਸ਼ਾਮ 4:30 ਵਜੇ ਸਵ. ਭਾਈ ਕੇਹਰ ਸਿੰਘ ਮਨਹਾਸ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
22 ਜਨਵਰੀ, ਦਿਨ ਐਤਵਾਰ........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਅਮਰੀਕ ਸਿੰਘ ਦਿਆਲ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ!

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੰਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ    ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਹਸਗੁੱਲੇ

ਬਹੁਤ ਪੁਰਾਣੀ ਗੱਲ ਹੈ....

ਇੱਕ ਵਾਰ ਇੱਕ ਆਦਮੀ ਸ਼ੀਸ਼ਾ ਲੱਭ ਗਿਆ।

ਉਸਨੇ ਅਤੇ ਉਸਦੇ ਪਰਿਵਾਰ ਕਦੇ ਵੀ ਸ਼ੀਸ਼ਾ ਨਹੀਂ ਦੇਖਿਆ ਸੀ।ਉਹ ਸ਼ੀਸ਼ਾ ਘਰ ਲੈ ਆਇਆ।

ਸ਼ੀਸ਼ੇ ਵਿਚ ਆਪਣਾ ਮੂੰਹ ਦੇਖ ਕੇ ਉਸਨੂੰ ਸਮਝ ਨਾ ਆਵੇ ਇਹ ਕੌਣ ਹੈ।ਹਰ ਰੋਜ ਸ਼ੀਸ਼ਾਂ ਦੇਖ ਬੁੜ ਬੁੜ ਕਰਿਆ ਕਰੇ!

ਉਸ ਦੀ ਪਤਨੀ ਨੂੰ ਸ਼ੱਕ ਹੋ ਗਿਆ।

ਇੱਕ ਦਿਨ ਜਦੋਂ ਉਸਦਾ ਪਤੀ ਘਰੋਂ ਬਾਹਰ ਗਿਆ

ਫਿਰ ਉਸਨੇ ਉਹ ਸ਼ੀਸ਼ਾ ਕੱਢਿਆ...

ਆਪਣਾ ਚਿਹਰਾ ਦੇਖ ਕੇ ਕਹਿੰਦੀ

"ਅੱਛਾ... ਤਾਂ ਇਹ ਉਹ ਚੁੜੇਲ ਹੈ ਜਿਸ ਨਾਲ ਮੇਰਾ ਪਤੀ ਹਰ ਰੋਜ਼ ਗੱਲਾਂ ਕਰਦਾ ਹੈ।

ਉਸਨੇ ਉਹ ਸ਼ੀਸ਼ਾ ਚੁੱਕਿਆ ਤੇ ਆਪਣੀ ਸੱਸ ਕੋਲ ਲੈ ਗਈ ਤੇ ਕਿਹਾ 'ਤੇਰਾ ਪੁੱਤ ਹੁਣ ਮੇਰੇ ਨਾਲ ਨਹੀਂ ਇਸ ਨਾਲ ਗੱਲਾਂ ਕਰਦਾ!

ਤਾਂ ਸੱਸ ਸ਼ੀਸ਼ਾ ਦੇਖ ਕੇ ਕਿਹਾ:

"ਚਿੰਤਾ ਨਾ ਕਰ......ਬੁੱਢੀ ਆ ਛੇਤੀ ਮਰ ਜਾਵੇਗੀ!

*********

ਬੇਗਮ- ਕੀ ਤੁਸੀਂ ਚੰਨ ਲਿਆ ਸਕਦੇ ਹੋ..??

ਮੀਆਂ :-ਕਮਰੇ ਵਿੱਚ ਗਿਆ ਤੇ ਕੁੱਝ ਲੁਕਾ ਕੇ ਲੈ ਆਇਆ,ਬੇਗਮ ਨੂੰ ਕਿਹਾ ਆਪਣੀਆਂ ਅੱਖਾਂ ਬੰਦ ਕਰੋ ਅਤੇ ਉਹ ਚੀਜ਼ ਬੇਗਮ ਦੇ ਹੱਥ ਵਿੱਚ ਫੜਾ ਦਿੱਤੀ ਅਤੇ ਅੱਖਾਂ ਦੁਬਾਰਾ ਖੋਲ੍ਹਣ ਲਈ ਕਿਹਾ!ਬੇਗਮ ਦੀਆਂ ਅੱਖਾਂ ਵਿੱਚ ਹੰਝੂ ਸਨ।ਕਿਉਂਕਿ ਉਸਦੇ ਹੱਥਾਂ ਵਿੱਚ ਇੱਕ ਸ਼ੀਸ਼ਾ ਸੀ ਜਿਸ ਵਿੱਚ ਬੇਗਮ ਦਾ ਚਿਹਰਾ ਦਿਸ ਰਿਹਾ ਸੀ।

ਬੇਗਮ- ਜਾਂ ਰੱਬਾ...ਤੂੰ ਮੈਨੂੰ ਚੰਨ ਵਰਗੀ ਸਮਝਦਾ ਏ .!!

ਮੀਆਂ ਨੇ ਕਿਹਾ: ਨਹੀਂ, ਮੈਂ ਤੁਹਾਨੂੰ ਇਹ ਸਮਝਾ ਰਿਹਾ ਹਾਂ।ਜਿਸ ਮੂੰਹ ਤੋਂ ਚੰਨ ਮੰਗਦੀ ਏ ਉਹ ਚਿਹਰਾ ਕਦੇ-ਕਦੇ ਸ਼ੀਸ਼ੇ ਵਿੱਚ ਦੇਖ ਲਿਆ ਕਰ।

*********

ਸੰਜੂ ਆਪਣੀ ਪ੍ਰੇਮਿਕਾ ਦੇ ਪਿਤਾ ਨੂੰ ਮਿਲਣ ਗਿਆ...

ਕੁੜੀ ਦਾ ਪਿਤਾ :- ਮੈਂ ਨਹੀਂ ਚਹੁੰਦਾ ਕਿ ਮੇਰੀ ਧੀ

ਸਾਰੀ ਜਿੰਦਗੀ ਇੱਕ ਬੇਵਕੂਫ ਨਾਲ ਗੁਜਾਰੇ....

ਸੰਜੂ :- ਬਸ ਚਾਚਾ ਜੀ ਬੱਸ!ਮੈਂ ਵੀ ਇਹੀ ਚਹੁੰਦਾਂ

ਇਸੇ ਕਰਕੇ ਤਾਂ ਮੈਂ ਉਸ ਨੂੰ ਇੱਥੋਂ ਲੈਣ ਆਇਆ ਹਾਂ

*********

ਪਤਨੀ (ਪਤੀ ਨੂੰ) ਉੱਠੋ, ਸਵੇਰ ਹੋ ਗਈ!

ਪਤੀ: ਅੱਖਾਂ ਨਹੀਂ ਖੁੱਲ੍ਹ ਰਹੀਆਂ, ਇਸ ਲਈ

ਕੁਝ ਅਜਿਹਾ ਕਹੋ ਕਿ ਨੀਂਦ ਉੱਡ ਜਾਵੇ।

ਪਤਨੀ: ਮੈਂ ਜਿਸ ਨਾਲ ਤੁਸੀਂ ਰਾਤ ਨੂੰ ਚੈਟ ਕਰ ਰਹੇ ਸੀ ਉਹ ਮੇਰੀ ਦੂਜੀ ਆਈ.ਡੀ.ਹੈ!

ਹੁਣ ਪਤੀ ਨੂੰ 3 ਦਿਨਾਂ ਤੋਂ ਨੀਂਦ ਨਹੀਂ ਆ ਰਹੀ ਹੈ।

*********

ਪਤਨੀ (ਪਤੀ ਨੂੰ):ਐ ਜੀ ਸੁਣਦੇ ਹੋ?

ਪਤੀ:- ਦੱਸ ਵੀ ਕੁਝ?

ਪਤਨੀ :-ਗੁਆਂਢੀਆਂ ਦੀ ਪਿੰਕੀ ਨੇ ਗਣਿਤ ਵਿੱਚ 100 ਵਿੱਚੋਂ 99 ਅੰਕ ਪ੍ਰਾਪਤ ਕੀਤੇ ਹਨ।

ਪਤੀ: ਠੀਕ ਹੈ, ਤਾਂ 1 ਨੰਬਰ ਕਿੱਥੇ ਗਿਆ?

ਪਤਨੀ: ਆਪਣਾ ਹੁਸ਼ਿਆਰ ਬੇਟਾ ਲੈ ਕੇ ਆਇਆ ਹੈ!

*********

ਚੇਲਾ - ਸੰਤ ਜੀ, ਅਜਿਹੀ ਪਤਨੀ ਨੂੰ ਕੀ ਕਹਿੰਦੇ ਹਨ?

ਜੋ ਗੋਰੀ, ਲੰਬੀ, ਸੋਹਣੀ, ਚੁਸਤ ਹੋਵੇ

,ਆਪਣੇ ਪਤੀ ਨੂੰ ਸਮਝੇ,ਪਿਆਰ ਕਰੇ ਲੜੇ ਨਾ?

ਸੰਤ ਜੀ - ਇਸ ਨੂੰ ਮਨ ਦਾ ਵਹਿਮ ਕਿਹਾ ਜਾਂਦਾ ਹੈ!ਪੁੱਤਰ...

*********

ਇੱਕ ਔਰਤ ਆਪਣੀ ਗੁਆਂਢਣ ਨਾਲ ਗੱਲਾਂ ਕਰ ਰਹੀ ਸੀ!

" ਕੀ ਤੂੰ ਜਾਣਦੀ ਏ ਭੈਣੇ, 20 ਸਾਲਾਂ ਤੱਕ ਮੇਰੇ

ਕੋਈ ਬੱਚਾ ਨਹੀਂ ਹੋਇਆ ਸੀ"

ਗੁਆਂਢਣ ਹੈਰਾਨ ਹੋ ਕੇ : -"ਫੇਰ ਤੁਸੀਂ ਕੀ ਕੀਤਾ ?"

ਔਰਤ: "ਜਦੋਂ ਮੈਂ 21 ਸਾਲ ਦੀ ਹੋ ਗਈ

ਮੇਰੇ ਪਿਤਾ ਨੇ ਮੇਰਾ ਵਿਆਹ ਕਰ ਦਿੱਤਾ

ਫਿਰ ਜਾ ਕੇ ਮੁੰਨਾ ਹੋਇਆ!

*********

ਇੱਕ ਦਿਨ ਰੱਬ ਨੇ ਇੱਕ

ਬੰਦੇ ਦੀ ਯਾਦਾਸ਼ਤ( ਮੈਮਰੀ) ਨੂੰ ਮਿਟਾ ਦਿੱਤਾ।

ਫਿਰ ਪੁੱਛਿਆ ਤੈਨੂੰ ਕੁਝ ਯਾਦ ਹੈ?

ਆਦਮੀ ਨੇ ਆਪਣੀ ਪਤਨੀ ਦਾ ਨਾਂ ਦੱਸਿਆ....

ਰੱਬ ਨੇ ਹੱਸ ਕੇ ਕਿਹਾ - "ਸਾਰਾ ਸਿਸਟਮ

ਕਲੀਅਰ ਕੀਤਾ ਪਰ ਵਾਇਰਸ ਪਿਰ ਰਹਿ ਗਿਆਾ.... ,

*********

ਸੁਨੀਲ ਮੌਤ ਦੇ ਅੰਕੜੇ ਪੜ੍ਹ ਰਿਹਾ ਸੀ। ਉਸ ਨੇ ਆਪਣੀ ਪਤਨੀ ਨੂੰ ਦੱਸਿਆ, ''ਸੰਧਿਆ ਕਮਾਲ ਹੈ, ਜਦ ਮੈਂ ਇੱਕ ਸਾਹ ਛੱਡਦਾ ਹਾਂ ਤਾਂ ਇੱਕ ਆਦਮੀ ਦੀ ਮੌਤ ਹੋ ਜਾਂਦੀ ਹੈ।"

ਸੰਧਿਆ, ''ਤਦ ਤੁਸੀਂ ਕਿਸੇ ਚੰਗੇ ਟੂਥਪੇਸਟ ਦਾ ਇਸਤੇਮਾਲ ਕਿਉਂ ਨਹੀਂ ਕਰਦੇ।"

------------------------------

ਦੋ ਪਾਗਲ ਘਰ ਦੀ ਛੱਤ ਉੱਤੇ ਸੁੱਤੇ ਪਏ ਸਨ। ਅਚਾਨਕ ਮੀਂਹ ਪੈਣ ਲੱਗਾ।

ਪਹਿਲਾ ਬੋਲਿਆ, ''ਚੱਲ ਅੰਦਰ ਚਲਦੇ ਹਾਂ। ਅਸਮਾਨ ਵਿੱਚ ਛੇਕ ਹੋ ਗਿਆ ਹੈ।'' ਇੰਨੇ ਵਿੱਚ ਬਿਜਲੀ ਕੜਕੀ। ਦੂਸਰਾ ਬੋਲਿਆ, ''ਚੁੱਪਚਾਪ ਸੌਂ ਜਾ, ਵੈਲਡਿੰਗ ਵਾਲੇ ਆ ਗਏ ਹਨ।''

*********

ਪ੍ਰਥਮ ਅੰਬ ਦੇ ਦਰੱਖਤ ਉੱਤੇ ਚੜ੍ਹ ਕੇ ਅੰਬ ਤੋੜ ਰਿਹਾ ਸੀ। ਮਾਲੀ ਨੇ ਦੇਖ ਲਿਆ ਅਤੇ ਕਿਹਾ, ''ਜਾ ਕੇ ਤੇਰੇ ਪਿਤਾ ਨੂੰ ਸ਼ਿਕਾਇਤ ਕਰਦਾ ਹਾਂ।''

ਪ੍ਰਥਮ ਬੋਲਿਆ, ''ਉਹ ਘਰ ਨਹੀਂ ਮਿਲਣਗੇ। ਨਾਲ ਵਾਲੇ ਦਰੱਖਤ ਉੱਤੇ ਹਨ।''

*********

ਅਨਵਰ, ''ਤੂੰ ਮੈਨੂੰ ਧੋਖਾ ਦਿੱਤਾ ਹੈ।''

ਦੁਕਾਨਦਾਰ, ''ਨਹੀਂ ਸਾਹਬ, ਮੈਂ ਤੁਹਾਨੂੰ ਚੰਗੀ ਕੁਆਲਿਟੀ ਦਾ ਰੇਡੀਓ ਦਿੱਤਾ ਹੈ।''

ਅਨਵਰ, ''ਇਸ 'ਤੇ ਲਿਖਿਆ ਹੈ-ਮੇਡ ਇਨ ਜਾਪਾਨ, ਪਰ ਚਾਲੂ ਕਰੋ ਤਾਂ ਬੋਲਦਾ ਹੈ-ਆਲ ਇੰਡੀਆ ਰੇਡੀਓ।''

*********

ਟੀਚਰ, ''ਪ੍ਰਿੰਸ, ਦੱਸ ਕਾਲ ਕਿੰਨੀ ਤਰ੍ਹਾਂ ਦੇ ਹੁੰਦੇ ਹਨ?'' ਪ੍ਰਿੰਸ, ''ਤਿੰਨ ਤਰ੍ਹਾਂ ਦੇ।''

ਟੀਚਰ, ''ਤਿੰਨਾਂ ਦੀ ਇੱਕ-ਇੱਕ ਮਿਸਾਲ ਦੇਹ।''

ਪ੍ਰਿੰਸ, ''ਸਰ, ਕੱਲ੍ਹ ਮੈਂ ਤੁਹਾਡੀ ਬੇਟੀ ਨੂੰ ਦੇਖਿਆ (ਭੂਤਕਾਲ), ਅੱਜ ਮੈਂ ਉਸ ਨੂੰ ਪਿਆਰ ਕਰਦਾ ਹਾਂ (ਵਰਤਮਾਨ ਕਾਲ) ਅਤੇ ਕੱਲ੍ਹ ਮੈਂ ਉਸ ਨੂੰ ਭਜਾ ਕੇ ਲੈ ਜਾਵਾਂਗਾ (ਭਵਿੱਖ ਕਾਲ)।''

ਨੀਰਜ ਨੇ ਅਨਿਲ ਦਾ ਮਜ਼ਾਕ ਉਡਾਉਂਦਿਆਂ ਕਿਹਾ, ''ਸ਼ਰਮ ਦੀ ਗੱਲ ਹੈ ਕਿ ਤੇਰੇ ਪਾਪਾ ਟੇਲਰ ਹਨ ਅਤੇ ਤੇਰੀ ਕਮੀਜ਼ ਫਟੀ ਹੋਈ ਹੈ।''

ਅਨਿਲ, ''ਸ਼ਰਮਾ ਤੈਨੂੰ ਆਉਣੀ ਚਾਹੀਦੀ ਹੈ। ਤੇਰੇ ਪਾਪਾ ਡੈਂਟਿਸਟ ਹਨ ਅਤੇ ਤੇਰਾ ਭਰਾ ਬਿਨਾਂ ਦੰਦਾਂ ਦੇ ਪੈਦਾ ਹੋਇਆ।''

*****

ਪਤਨੀ, ''ਡਾਰਲਿੰਗ, ਕੀ ਮੈਂ ਤੇਰੇ ਸੁਫਨਿਆਂ ਵਿੱਚ ਆਉਂਦੀ ਹਾਂ?'' ਪਤੀ, ''ਨਹੀਂ।''

ਪਤਨੀ, ''ਕਿਉਂ ਨਹੀਂ?''

ਪਤੀ, ''ਕਿਉਂਕਿ ਮੈਂ ਹਨੂਮਾਨ ਚਾਲੀਸਾ ਪੜ੍ਹ ਕੇ ਸੌਂਦਾ ਹਾਂ।''

*********

ਇੱਕ ਸ਼ਰਾਬੀ ਨੇ ਰਾਤ 12 ਵਜੇ ਵਾਈਨ ਸ਼ਾਪ ਮਾਲਕ ਨੂੰ ਫੋਨ ਕੀਤਾ...

ਸ਼ਰਾਬੀ, ''ਤੇਰੀ ਦੁਕਾਨ ਕਦੋਂ ਖੁੱਲ੍ਹੇਗੀ?''

ਮਾਲਕ, ''ਸਵੇਰੇ ਨੌਂ ਵਜੇ।''

ਸ਼ਰਾਬੀ (ਫਿਰ ਫੋਨ ਕਰ ਕੇ), ''ਤੇਰੀ ਦੁਕਾਨ ਕਦੋਂ ਖੁੱਲ੍ਹੇਗੀ?''

ਮਾਲਕ ਬੋਲਿਆ, ''ਓਏ! ਕਿੰਨੀ ਵਾਰ ਦੱਸਾਂ, ਸਵੇਰੇ ਨੌਂ ਵਜੇ ਦੁਕਾਨ ਖੱਲ੍ਹੇਗੀ, ਸਵੇਰੇ ਨੌਂ ਵਜੇ ਆਵੀਂ।'' ਸ਼ਰਾਬੀ ਬੋਲਿਆ, ''ਮੈਂ ਤੇਰੀ ਦੁਕਾਨ ਦੇ ਅੰਦਰੋਂ ਬੋਲ ਰਿਹਾ ਹਾਂ।''

ਠੇਕੇ ਵਾਲਾ ਉਸ ਨੂੰ ਕੱਢਣ ਲਈ ਗਿਆ, ਦੁਕਾਨ ਖੋਲ੍ਹੀ ਤਾਂ ਸ਼ਰਾਬੀ ਪਿੱਛੋਂ ਆਇਆ ਤੇ ਬੋਲਿਆ, ''ਯਾਰ! ਦੁਕਾਨ ਖੋਲ੍ਹ ਹੀ ਦਿੱਤੀ ਹੈ ਤਾਂ ਇੱਕ ਕੁਆਰਟਰ ਸ਼ਰਾਬ ਦਾ ਦੇ ਦੇ।''

*******

ਪਲਸ ਪੋਲੀਓ ਟੀਮ ਘਰ ਆਈ ਤਾਂ ਗੁਲਸ਼ਨ ਵਹੁਟੀ ਨੂੰ ਬੋਲਿਆ, ''ਬੰਦੂਕ ਅਤੇ ਕਾਰਤੂਸ ਕਿੱਥੇ ਹਨ?''

ਸਿਹਟ ਵਿਭਾਗ ਦੀ ਟੀਮ ਪਿੱਛੇ ਭੱਜੀ ਤਾਂ ਗੁਲਸ਼ਨ ਨੇ ਆਵਾਜ਼ ਦਿੱਤੀ, ''ਰੁਕ ਜਾਓ! ਜਾਂਦੇ ਕਿੱਥੇ ਹੋ, ਇਹ ਸਾਡੇ ਬੱਚਿਆਂ ਦੇ ਨਾਂਅ ਹਨ।''

*******

ਸ਼ਾਮ ਨੇ ਪ੍ਰਵੀਨ ਨੂੰ ਪੁੱਛਿਆ, ''ਕੀ ਤੁਹਾਨੂੰ ਪਤਾ ਹੈ ਕਿ ਹਿਪਨੋਟਾਈਜ਼ ਕਰਨਾ ਕੀ ਹੁੰਦਾ ਹੈ?''

ਪ੍ਰਵੀਨ, ''ਇਸ ਦਾ ਅਰਥ ਹੈ ਕਿਸੇ ਨੇ ਆਪਣੇ ਵੱਸ ਵਿੱਚ ਕਰ ਕੇ ਆਪਣੇ ਇਸ਼ਾਰਿਆਂ ਉੱਤੇ ਨਚਾਉਣਾ।''

ਸ਼ਾਮ, ''ਚੱਲ ਝੂਠ, ਉਸ ਨੂੰ ਤਾਂ ਵਿਆਹ ਕਹਿੰਦੇ ਹਨ।''

*******

ਬੌਸ (ਗੁੱਸੇ ਵਿੱਚ), ''ਕੀ ਤੂੰ ਕਦੀ ਗਧਾ ਦੇਖਿਆ ਹੈ?'' ਪੱਪੂ (ਸਿਰ ਹੇਠਾਂ ਕਰ ਕੇ), ''ਨਹੀਂ ਸਰ।''

ਬੌਸ, ''ਹੇਠਾਂ ਕੀ ਦੇਖ ਰਿਹੈਂ, ਮੇਰੇ ਵੱਲ ਦੇਖ।''

*******


Expert Advice, Consultation & Representation in all your legal matters



FAMILY LAW
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

IMMIGRATION LAW
- Students, Workers and Visitors cases
- All Immigration matters
- Sponsorship cases

REAL ESTATE IN BC AND ALBERTA
- Sale and purchase of Residential and Commercial Properties in BC and Alberta
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

EMPLOYMENT LAW
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

CORPORATE & BUSINESS LAW
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

NOTARY SERVICES
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

BENEFITS OF CHOOSING US
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

CHARANJEET KAUR RAINA
LAWYER AND NOTARY PUBLIC

778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

# ਰੱਬ ਕੀ ਅਰਦਾਸ ਸੁਣਦਾ?

ਨਾਂਅ! ਬਿਲਕੁਲ ਨਹੀ ਸੁਣਦਾ। ਕਿਵੇਂ ਸੁਣੇ? ਕਾਹਤੋਂ ਸੁਣੇ? ਉਂਝ ਵੀ ਰਬ ਬੋਲਾ ਕਿ ਉਸ ਨੂੰ ਕੁਝ ਸੁਣਾਓਣਾ ਪਵੇ ਬੋਲ ਕੇ।ਮੁਕੱਦਮੇ ਵਾਲੀਆਂ ਦੋਨੋਂ ਧਿਰਾਂ ਇਕੇ ਰਬ ਅਗੇ ਅਰਦਾਸ ਕਰਕੇ ਤੁਰੀਆਂ ਹੋਈਆਂ ਪਰ ਰਬ ਹੁਣ ਕੀਹਦੇ ਪੰਗੇ ਵਿਚ ਪਵੇ, ਕਿਸ ਦੀ ਸੁਣੇ। ਇਕ ਦੀ ਨਾ ਸੁਣੀ ਉਸ ਕਹਿਣਾ ਕੋਈ ਰਬ ਵਬ ਨਹੀ ਸਭ ਪਖੰਡ ਹੈ ਅਤੇ ਉਨ ਕਿਸੇ ਸਵਾਹ ਵਾਲੇ ਕੋਲੇ ਜਾ ਵੜਨਾ ਉਸ ਓਹੀ ਸਵਾਹ ਚਕ ਕੇ ਉਸ ਦੇ ਸਿਰ ਪਾ ਦੇਣੀ ਜਿਹੜੀ ਖੁਦ ਦੇ ਪਾਈ ਬੈਠਾ ਸੀ। ਬੰਦਾ ਅਪਣੇ ਘੜੇ ਝੂਠ ਥੋੜੋਂ ਦੇਖਦਾ ਕਿ ਇਨਾ ਗਲਾਂ ਨਾਲ ਰਬ ਦਾ ਕੀ ਲੈਣਾ ਦੇਣਾ।

ਇਥੇ ਤਾਂ ਜਿਤ ਉਸ ਦੀ ਜਿਸ ਦਾ ਝੂਠ ਵਡਾ ਯਾਣੀ ਵਕੀਲ ਮਹਿੰਗਾ ਯਾਣੀ ਖੁਲਾ ਪੈਸਾ। ਇਥੇ ਅਰਦਾਸਾਂ ਦੇ ਖੇਖਨ ਕਾਹਦੇ। ਜਿੰਨਾ ਵਡਾ ਝੂਠ ਓਨੀ ਵਡੀ ਜਿਤ। ਜਿਤ ਅਰਦਾਸ ਦੀ ਨਾ ਸੀ ਹੋਈ ਝੂਠ ਦੀ ਹੋਈ ਸੀ। ਜੀਹਨੇ ਪੈਸਾ ਵਾਹਿਆ ਓਦੀ 'ਅਰਦਾਸ' ਸੁਣੀ ਗਈ ਅਤੇ ਹੈਰਾਨੀ ਦੇਖੋ ਕਿ ਬੇਸ਼ਰਮ ਬੰਦਾ ਫਿਰ ਓਸੇ ਰਬ ਕੋਲੇ ਗਿਆ ਇਹ 'ਅਰਦਾਸ' ਕਰਨ ਕਿ ਤੇਰੀ ਮਿਹਰ ਸਦਕਾ ਮੇਰੀ ਜਿਤ ਹੋਈ। ਝੂਠ ਮੈਂ ਰਜ ਕੇ ਬੋਲਿਆ ਅਦਾਲਤ ਵਿਚ ਅਤੇ ਜਿਤ ਰਬ ਦੀ ਮਿਹਰ ਦੀ ਹੋਈ। ਅਪਣੇ ਝੂਠਾਂ ਵਿਚ ਵੀ ਰਬ ਘਸੀਟ ਲਿਆ।

ਲੋਕ ਫਿਰ ਕਹਿ ਦਿੰਦੇ ਰਬ ਵੀ ਤਗੜੇ ਦਾ। ਰਬ ਕਿਸੇ ਤਗੜੇ ਵਗੜੇ ਦਾ ਨਹੀ ਸੀ ਕਨੂੰਨ ਤਗੜੇ ਦਾ ਸੀ, ਤਗੜੇ ਕੋਲੇ ਝੂਠ ਤਗੜਾ ਸੀ ਮਹਿੰਗਾ ਵਕੀਲ।

ਹੁਣ ਦਸੋ ਇਨਾ ਝੂਠੀਆਂ ਖੇਡਾਂ ਦਾ ਰਬ ਅਗੇ ਅਰਦਾਸ ਨਾਲ ਕੀ ਲੈਣਾ ਦੇਣਾ।

ਬੰਦਾ ਤਾਂ ਸ਼ਰਾਬ ਦੀ ਭੱਠੀ ਲਾਓਣ ਗਿਆ ਵੀ ਅਰਦਾਸ ਕਰੀ ਫਿਰਦਾ ਹੁੰਦਾ ਕਿ ਫੜੀ ਨਾ ਜਾਏ ਅਤੇ ਤਿਖੀ ਨਿਕਲੇ।ਬੰਦਾ ਤਾਂ 'ਅਰਦਾਸ' ਕਰਦਾ ਕਿ ਹੋਵੇ ਈ ਮੁੰਡਾ ਕੁੜੀਆਂ ਸਭ ਗੁਆਂਢੀ ਦੇ ਵਿਹੜੇ ਸੁਟ ਦੇਹ। ਰਬ ਕਿਵੇਂ ਸੁਣ ਲਊ ਅਜਿਹੀ ਵਾਯਾਤ ਅਰਦਾਸ। ਕੁੜੀਆਂ ਕਿਹੜੇ ਚੰਨ ਤੇ ਘਲ ਦਏ ਮੇਰੇ ਅਰਦਾਸੀਏ ਦੇ ਆਖੇ ਲਗ। ਓਧਰ ਗਰੈਂਡ ਓਪਨਿੰਗ ਤੇ ਬਿਊਟੀ ਪਾਰਲਰਾਂ ਵਾਲੇ ਪਾਠ ਰਖਾਈ ਬੈਠੇ ਹੁੰਦੇ ਕਿ ਲੋਕਾਂ ਦਾ ਸਿਰ ਚੰਗੀ ਤਰਾਂ ਰਗੜ ਕੇ ਮੁੰਨ ਹੋਵੇ। ਓਹੋ ਜਿਹਾ ਬੇਸ਼ਰਮ ਭਾਈ ਗਲ ਪਰਨਾ ਪਾਈ ਖੜਾ ਹੁੰਦਾ ਕਿ ਕਾਰੋਬਾਰ ਵਿਚ ਵਾਧਾ ਹੋਵੇ।

ਮੁਢੋਂ ਈ ਝੂਠ ਉਪਰ ਨਿਰਧਾਰਤ ਝੂਠੀਆਂ ਅਤੇ ਫੇਕ ਕਹਾਣੀਆਂ ਦੀਆਂ ਫਿਲਮਾਂ ਵਾਲੇ ਗੁਰੂ ਘਰਾਂ ਵਿਚ 'ਅਰਦਾਸ' ਸ਼ੂਟ ਕਰ ਰਹੇ ਹੁੰਦੇ ਕਿ ਰਬ ਇਸ ਦੀ ਭਜਾ ਕੇ ਲਿਆਂਦੀ ਕੁੜੀ ਨਾਲ ਇਸ਼ਕ ਸਿਰੇ ਚਾਹੜੇ।

ਤਾਂ ਕਿਓਂ ਸੁਣੇ ਅਰਦਾਸ ਰਬ। ਸ਼ੁਕਰ ਕਰੋ ਰਬ ਨੇ ਮੌਕੇ ਤੇ ਹੀ ਡਾਂਗ ਨਹੀ ਰਖੀ ਹੁੰਦੀ ਤੁਹਾਡੇ ਝੂਠਾਂ ਦੀਆਂ ਮੌਰਾਂ ਸੇਕਣ ਖਾਤਰ।ਅਰਦਾਸ ਰਬ ਸੁਣਦਾ ਜਦ ਮੈਂ ਮਨ ਨੀਵਾਂ ਕਰਕੇ ਅਪਣੇ ਨਿਜੀ ਰੋਣੇ ਧੋਣੇ ਪਾਸੇ ਕਰ ਮਤ ਉਚੀ ਰਖਣ ਦੀ ਮੰਗ ਕਰਨ ਜਾਂਦਾ। ਅਰਦਾਸ ਜੇ ਅੰਦਰੋਂ ਧੁਰ ਅੰਦਰੋਂ ਨਹੀ ਗਈ ਤਾਂ ਓਹ ਅਰਦਾਸ ਹੈ ਹੀ ਨਹੀ। ਅਰਦਾਸ ਨੇ ਜੇ ਮਨ ਵਹਿਣ ਲਇਈ ਲਾ ਦਿਤਾ, ਅੰਦਰਲੇ ਬੰਨ ਜੇ ਤੋੜ ਨਹੀ ਦਿਤੇ, ਯਖ ਠੰਡਾ ਹੋ ਚੁਕਾ ਮਨ ਜੇ ਪਾਣੀ ਬਣ ਤੁਰਨ ਨਹੀ ਲਾ ਦਿਤਾ ਤਾਂ ਓਹ ਅਰਦਾਸ ਨਹੀ ਭਾਈ ਨੂੰ ਪੈਸੇ ਦੇ ਕੇ ਰਬ ਨਾਲ ਲਾਈ ਸ਼ਰਤ ਹੈ ਅਤੇ ਸ਼ਰਤਾਂ ਨਾਲ ਇਸ਼ਕ ਕਾਹਨੂੰ ਸਿਰੇ ਚੜਦੇ। ਅਰਦਾਸ ਓਸ ਅਹਿਸਾਸ ਦਾ ਨਾਂ ਐ ਭਰੋਸੇ ਦਾ ਕਿ ਮੈਂ ਕਦੇ ਇਕਲਾ ਨਹੀ। ਅਤੇ ਇਹ ਗਲ ਮੈਨੂੰ ਮੇਰੇ ਇਤਿਹਾਸ ਵਿਚੋਂ ਥਾਂ ਥਾਂ ਲਭ ਜਾਂਦੀ ਕਿ ਅਰਦਾਸਾਂ ਕਰਕੇ ਸਿੰਘ ਰਣ ਤਤੇ ਵਿਚ ਕਦੇ ਪਿਠ ਨਾ ਸਨ ਦਿੰਦੇ ਕਿਓਂਕਿ ਓਨਾ ਦਾ ਕੀਤੀ ਅਰਦਾਸ ਉਪਰ ਭਰੋਸਾ ਹੁੰਦਾ ਸੀ ਕਿ ਮੇਰਾ ਗੁਰੂ ਮੇਰੇ ਨਾਲ ਹੈ ਅਤੇ ਮੇਰੀ ਦਿਤੀ ਕੰਡ ਨਾਲ ਮੇਰੀ ਹੀ ਨਹੀ ਮੇਰੇ ਗੁਰੂ ਦੀ ਵੀ ਕੰਡ ਲਗਣੀ ਹੈ ਜਿਹੜੀ ਕਿ ਓਹ ਤਿੰਨ ਕਾਲ ਨਾ ਸੀ ਲਾ ਸਕਦੇ।

-ਗੁਰਦੇਵ ਸਿੰਘ ਸੱਧੇਵਾਲੀਆ

## (ਮੁੱਖ ਪੰਨੇ ਦੀ ਬਾਕੀ)

ਦੂਜੇ ਦਰਜੇ ਦੇ ਸ਼ਹਿਰੀ ਸਮਝ ਕੇ ਸਜ਼ਾ ਪੂਰੀ ਹੋਣ ਤੋਂ ਬਾਅਦ ਵੀ ਜੇਲਾਂ 'ਚ ਡੱਕਿਆ ਹੋਇਆ ਹੈ।ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਦਸਿਆ ਕਿ ਯੂਕਰੇਨ ਦੇ ਲੋਕ ਵੀ ਉੱਥੇ ਰੂਸ ਵਿਰੁਧ ਮੁਜ਼ਾਹਰਾ ਕਰ ਰਹੇ ਸਨ ਅਤੇ ਉਨ੍ਹਾਂ ਨੇ ਸਿੱਖ ਸਿਆਸੀ ਕੈਦੀਆਂ ਤੇ ਇਨਸਾਫ਼ ਮੋਰਚੇ ਦੇ ਹੱਕ 'ਚ ਮੁਜ਼ਾਹਰਾ ਕਰ ਰਹੇ ਸਿੱਖਾਂ ਦਾ ਸਾਥ ਦਿਤਾ ਅਤੇ ਸਿੱਖਾਂ ਨੇ ਵੀ ਰੂਸ ਵਿਰੁਧ ਯੂਕਰੇਨ ਦੇ ਲੋਕਾਂ ਦੇ ਹੱਕ 'ਚ ਹਾਅ ਦਾ ਨਾਹਰਾ ਮਾਰਿਆ ਕਿਉਂਕਿ ਦਰਬਾਰ ਸਾਹਿਬ 'ਤੇ ਹਮਲੇ ਸਮੇਂ ਰੂਸ ਨੇ ਭਾਰਤ ਦੀ ਸਰਕਾਰ ਦਾ ਸਾਥ ਦਿਤਾ ਸੀ। ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵਲੋਂ ਦਿਤੇ ਗਏ ਸੰਦੇਸ਼ ਤਹਿਤ ਜਿਥੇ 7 ਜਨਵਰੀ ਤੋਂ ਕੌਮੀ ਇਨਸਾਫ਼ ਮੋਰਚਾ ਸ਼ੁਰੂ ਹੋਇਆ ਤੇ ਦੁਨੀਆਂ ਭਰ ਦੇ ਸਿੱਖਾਂ ਨੂੰ ਵੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਇਨਸਾਫ਼, ਬਹਿਬਲ ਕਲਾਂ ਤੇ ਬਰਗਾੜੀ ਦੇ ਇਨਸਾਫ਼ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਦੇ ਇਨਸਾਫ਼ ਲਈ ਦੁਨੀਆਂ ਭਰ ਦੇ ਸਿੱਖਾਂ ਨੂੰ ਅਪਣਾ ਬਣਦਾ ਹਰ ਯੋਗਦਾਨ ਪਾਉਣ ਦੇ ਸੰਦੇਸ਼ ਨੂੰ ਮੁੱਖ ਰੱਖਦਿਆਂ ਇਹ ਮੁਜ਼ਾਹਰਾ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਹ ਸੰਘਰਸ਼ ਉਦੋਂ ਤਕ ਜਾਰੀ ਰਹੇਗਾ, ਜਦੋਂ ਤਕ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਇਨਸਾਫ਼, ਬਹਿਬਲ ਕਲਾਂ ਤੇ ਬਰਗਾੜੀ ਦੇ ਦੋਸ਼ੀਆਂ ਵਿਰੁਧ ਕਾਰਵਾਈ ਅਤੇ ਸਾਰੇ ਬੰਦੀ ਸਿੰਘਾਂ ਦੀ ਰਿਹਾਈ ਨਹੀਂ ਹੋ ਜਾਂਦੀ ਤੇ ਇਹ ਮੁਹਿੰਮ ਆਉਣ ਵਾਲੇ ਦਿਨਾਂ 'ਚ ਦੁਨੀਆਂ ਭਰ 'ਚ ਹੋਰ ਵੀ ਤੇਜ਼ ਹੋਵੇਗੀ। ਦੇ ਇਸ ਮੁਜ਼ਾਹਰੇ 'ਚ ਹੋਰ ਸਿੱਖ ਸੰਗਤਾਂ ਤੋਂ ਇਲਾਵਾ ਗੁਰਨਿੰਦਰ ਸਿੰਘ ਧਾਲੀਵਾਲ, ਬਲਵਿੰਦਰ ਸਿੰਘ ਚੱਠਾ, ਨਰਿੰਦਰ ਸਿੰਘ, ਹਰਮਿੰਦਰ ਸਿੰਘ, ਬਲਜੀਤ ਸਿੰਘ, ਅਮਰਜੀਤ ਸਿੰਘ ਚੱਠਾ ਅਤੇ ਊਧਮ ਸਿੰਘ ਆਦਿ ਸਮੇਤ ਹੋਰ ਵੀ ਪੰਥਦਰਦੀ ਹਾਜ਼ਰ ਸਨ।











ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events






Capacity
350-375 seats

*Dream Catering "Your Venue, Our Food"*

We provide various Menu
Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

**For Bookings, Contact: 604-203-7272**

**7236 -120St, Surrey, BC** Email:info@dreambanquethall.ca

# PEACE FURNITURE

**For The Peace Of Your Mind**






ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca Web:www.peacefurniture.ca